Vide R.N.I. No. Pun-Pun 2002/8323 ASR/0001/2021/23

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 153

D.O.P. 15 Sept. 2023

ਟਰੱਸਟ ਵੱਲੋਂ ਇੱਕ ਹੋਰ ਸ਼ਲਾਂਘਾਯੋਗ ਕਾਰਜ




ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਭਾਈ ਹਰਵਿੰਦਰ ਪਾਲ ਸਿੰਘ ਜੀ ਲਿਟਲ ਵੱਲੋਂ MRI ਤੇ CT Scan ਮਸ਼ੀਨ ਦੀ ਸ਼ੁੱਭ ਸ਼ੁਰੂਆਤ



ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵਿਖੇ ਐਮ.ਆਰ.ਆਈ. ਦਾ ਟੈਸਟ ਜੋ ਕਿ ਬਜ਼ਾਰ ਵਿੱਚ 10-12 ਹਜ਼ਾਰ ਰੁਪਏ ਵਿੱਚ ਹੁੰਦਾ ਹੈ ਇਹ ਟੈਸਟ ਇੱਥੇ ਤਕਰੀਬਨ 2100/- ਰੁਪਏ ਦੀ ਲਾਗਤ ਭੇਟਾ ਨਾਲ ਅਤੇ ਸਿਟੀ ਸਕੈਨ ਦਾ ਟੈਸਟ ਜੋ ਕਿ ਬਾਹਰ 5 ਹਜ਼ਾਰ ਦੇ ਕਰੀਬ ਹੁੰਦਾ ਹੈ ਉਹ ਟੈਸਟ ਇੱਥੇ 1100/- ਰੁਪਏ ਵਿੱਚ ਕੀਤਾ ਜਾਵੇਗਾ।



# ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ

ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ, ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਭਾਈ ਹਰਵਿੰਦਰਪਾਲ ਸਿੰਘ ਜੀ ਵੱਲੋਂ ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵਿਖੇ MRI, CT Scan ਮਸ਼ੀਨ ਦੀ ਸ਼ੁੱਭ ਸ਼ੁਰੂਆਤ ਕਰਨ ਤੋਂ ਪਹਿਲਾਂ ਦੋ ਦਿਨ ਕੀਰਤਨ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸਿੰਘ ਸਹਿਬਾਨ, ਸੰਤ ਮਹਾਂਪੁਰਸ਼ ਅਤੇ ਗੁਰੂ ਘਰ ਦੇ ਕੀਰਤਨੀਆਂ ਨੇ ਕਥਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪਹਿਲੇ ਦਿਨ ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ) ਅਤੇ ਭਾਈ ਗੁਰਸ਼ਰਨ ਸਿੰਘ ਜੀ (ਲੁਧਿਆਣੇ ਵਾਲਿਆਂ) ਨੇ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ। ਦੂਸਰੇ ਦਿਨ ਭਾਈ ਭੁਪਿੰਦਰ ਸਿੰਘ ਜੀ, ਬੀਬੀ ਬਲਜਿੰਦਰ ਕੌਰ ਜੀ, ਭਾਈ ਅਮਨਦੀਪ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿੱਚ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਸ੍ਰੀ ਬਾਬਾ ਬਕਾਲਾ ਸਾਹਿਬ ਜੀ, ਗੁ: ਬਾਬਾ ਨੌਧ ਸਿੰਘ ਜੀ (ਸਮਾਧ) ਸ੍ਰੀ ਅੰਮ੍ਰਿਤਸਰ ਸਾਹਿਬ ਦੇ 16ਵੇਂ ਮੌਜੂਦਾ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਜੋਗਾ ਸਿੰਘ ਜੀ ਨੇ ਸਮਾਗਮ ਦੌਰਾਨ ਉਚੇਚੇ ਤੋਰ ਤੇ ਪਹੁੰਚ ਕੇ ਸ਼ਿਰਕਤ ਕੀਤੀ ਅਤੇ ਨਾਲ ਖੜ੍ਹੇ ਹਨ ਭਾਈ ਗੁਰਪਾਲ ਸਿੰਘ ਉਸਤਾਦ ਜੀ, ਸ੍ਰ. ਮਨਦੀਪ ਸਿੰਘ ਜੀ (ਭੋਲੂ ਵੀਰ ਜੀ), ਭਾਈ ਸਤਵਿੰਦਰ ਸਿੰਘ ਜੀ।
























Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-153ਵਾਂ (2023)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

## ਤਤਕਰਾ


- ਸੰਪਾਦਕੀ 4
- ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਸੱਤਾਈਵਾਂ ਭਾਗ- ਧੰਨ ਧੰਨ ਮਾਤਾ ਦਮੋਦਰੀ ਜੀ 5
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 16
- ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 17
- ਜ਼ਿੰਦਗੀ ਦੀਆਂ ਬਰੀਕੀਆਂ 19
- ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 21
- ਅਧਿਆਤਮਿਕ ਵਿਚਾਰਾਂ 24
- ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਗਾਈ 25
- ਅਨਮੋਲ ਬਚਨ 30
- 400 ਸਾਲ ਗੁਰ ਇਤਿਹਾਸ ਦੇ ਨਾਲ 31
- वह कौन–सा दरवाजा है जिस दरवाजे में से निकलने से धन्य श्री गुरु रामदास जी मित्र बन जाते हैं? 34
- जिंदगी की बारीकियाँ 41
- **How to Get One's Problems Solved by Following Gurbani?** 43


**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**
ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
*-ਸੰਪਾਦਕ*

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਸਿੱਖ ਪੰਥ ਵਿੱਚ ਸਾਡੀਆਂ ਅਨੇਕਾਂ ਮਹਾਨ ਬੀਬੀਆਂ ਹੋਈਆਂ ਹਨ ਜਿਨ੍ਹਾਂ ਨੇ ਆਪਣੇ ਮਹਾਨ ਜੀਵਨ ਸਦਕਾ ਨਾ ਕੇਵਲ ਸਿੱਖ ਪੰਥ ਨੂੰ ਬਲਕਿ ਇਸ ਜਗਤ ਨੂੰ ਇੱਕ ਨਿਵੇਕਲੀ ਅਗਵਾਈ ਦਿੱਤੀ। ਆਪਣੇ ਰੂਹਾਨੀ ਭਰਪੂਰ ਜੀਵਨ ਨਾਲ ਇੱਕ ਨਿਵੇਕਲੀ ਛਾਪ ਛੱਡੀ। ਧੰਨ ਮਾਤਾ ਸੁੰਦਰ ਕੌਰ ਜੀ ਦਾ ਨਾਂ ਇਨ੍ਹਾਂ ਮਹਾਨ ਆਤਮਾਵਾਂ ਵਿੱਚੋਂ ਇੱਕ ਹੈ। ਧੰਨ ਮਾਤਾ ਸੁੰਦਰ ਕੌਰ ਜੀ ਦਾ ਨਾਂ ਲੈਂਦਿਆਂ ਅੰਦਰ ਠੰਡ ਪੈ ਜਾਂਦੀ ਹੈ। ਅੰਦਰ ਸੀਤਲਤਾ ਆ ਜਾਂਦੀ ਹੈ। ਅੰਦਰ ਚਲ ਰਹੇ ਵਿਕਾਰਾਂ ਦੇ ਜ਼ੋਰ ਨੂੰ ਠੱਲ੍ਹ ਪੈ ਜਾਂਦੀ ਹੈ। ਵਾਸ਼ਨਾਵਾਂ ਦਾ ਪ੍ਰਭਾਵ ਨਿਹਫਲ ਹੋ ਜਾਂਦਾ ਹੈ। ਫੁਰਨਿਆਂ ਦਾ ਵੇਗ ਖਤਮ ਹੋ ਜਾਂਦਾ ਹੈ। ਧੰਨ ਮਾਤਾ ਸੁੰਦਰ ਕੌਰ ਜੀ ਉਹ ਮਹਾਨ ਹਸਤੀ ਹਨ ਜਿਨ੍ਹਾਂ ਦੀ ਪਾਵਨ ਕੁੱਖ ਤੋਂ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਆਗਮਨ ਲਿਆ। ਧੰਨ ਮਾਤਾ ਸੁੰਦਰ ਕੌਰ ਜੀ ਇਸ ਸ੍ਰਿਸ਼ਟੀ ਦੀਆਂ ਸਮੂਹ ਨਾਰੀਆਂ ਵਿੱਚੋਂ ਇਸ ਲਈ ਵੀ ਸਰਬ ਪ੍ਰਥਮ ਹਨ ਕਿਉਂਕਿ ਇਨ੍ਹਾਂ ਨੇ ਆਪਣੇ ਸਤਿਕਾਰਯੋਗ ਬਜ਼ੁਰਗਾਂ, ਆਪਣੇ ਪਿਆਰੇ ਬੱਚਿਆਂ ਤੇ ਆਪਣੇ ਪਰਮੇਸ਼ਰ ਰੂਪੀ ਪਤੀ ਦੇ ਕੁਰਬਾਨ ਹੋਣ ਤੋਂ ਬਾਅਦ ਵੀ ਧਾਰਮਿਕ ਤੌਰ ਤੇ ਸਿੱਖ ਪੰਥ ਦੀ ਸ਼ਹਾਨਾ ਅਗਵਾਈ ਕੀਤੀ। ਧੰਨ ਮਾਤਾ ਸੁੰਦਰ ਕੌਰ ਜੀ ਦਾ ਨਾਂ ਇਸ ਲਈ ਵੀ ਸ੍ਰੇਸ਼ਟ ਹੈ ਕਿਉਂਕਿ ਆਪਣੇ ਪਤੀ ਦੀਆਂ ਦੁਰਲੱਭ ਸਾਹਿਤਿਕ ਰਚਨਾਵਾਂ ਨੂੰ ਇਕੱਤਰ ਕਰਕੇ ਸੰਪਾਦਿਤ ਕੀਤਾ। ਹੋਰ ਤਾਂ ਹੋਰ ਤਖ਼ਤ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ ਵਿਖੇ ਗੁਰੂ ਕਲਗੀਧਰ ਸੁਆਮੀ ਪਿਤਾ ਜੀ ਵੱਲੋਂ ਬਣਾਏ ਗੁਰੂ ਕੀ ਕਾਂਸ਼ੀ ਰੂਪੀ ਵਿਦਿਆਲੇ ਨੂੰ ਅਗਾਂਹ ਤੋਰਦਿਆਂ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇੱਕ ਅਜਿਹਾ ਹੀ ਕੇਂਦਰ ਖੋਲ੍ਹਣ ਦਾ ਹੁਕਮ ਕੀਤਾ। ਧੰਨ ਮਾਤਾ ਸੁੰਦਰ ਕੌਰ ਜੀ ਆਪਣੇ ਪਿਆਰੇ ਪਤੀ ਸਾਡੇ ਗੁਰੂ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਇਸ ਫਾਨੀ ਸੰਸਾਰ ਤੋਂ ਕੂਚ ਹੋਣ ਤੋਂ ਬਾਅਦ ਭਾਵੁਕਤਾ ਵਿੱਚ ਨਹੀਂ ਵਹਿ ਗਏ ਸਗੋਂ ਦ੍ਰਿੜ੍ਹਤਾ ਤੇ ਸਿਰੜ ਨਾਲ ਆਪਣੇ ਪਤੀ ਦੇ ਪਾਏ ਪੂਰਨਿਆਂ ਤੇ ਰਹਿ ਗਏ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਲਈ ਇੱਕ ਆਦਰਸ਼ ਪੇਸ਼ ਕੀਤਾ ਤੇ ਤਕਰੀਬਨ 40 ਸਾਲ ਸਿੱਖ ਪੰਥ ਦੀ ਅਗਵਾਈ ਕੀਤੀ। ਧੰਨ ਮਾਤਾ ਸੁੰਦਰ ਕੌਰ ਜੀ ਦੀ ਸ਼ਖਸੀਅਤ ਆਉਣ ਵਾਲੀਆਂ ਨਾਰੀਆਂ ਲਈ, ਆਉਣ ਵਾਲੀਆਂ ਪੀੜ੍ਹੀਆਂ ਲਈ ਸਵੈਮਾਣ, ਸਵੈ ਵਿਸ਼ਵਾਸ, ਆਪਾ ਨਿਛਾਵਰ ਕਰਨ ਵਾਲੇ ਗੁਣਾਂ ਨਾਲ ਸੰਪੰਨ ਇਸਤਰੀ ਦਾ ਨਮੂਨਾ ਬਣ ਕੇ ਪ੍ਰੇਰਨਾ ਸਰੋਤ ਬਣੀ ਰਹੇਗੀ। ਉਹ ਸਮੇਂ ਦੀ ਹਕੂਮਤ ਦੇ ਪ੍ਰਸਤਾਵਾਂ ਅੱਗੇ ਡੋਲੇ ਨਹੀਂ, ਘਬਰਾਏ ਨਹੀਂ ਸਗੋਂ ਆਪਣੀ ਅਣਖ ਤੇ ਦਲੇਰੀ ਨਾਲ ਸਿੱਖ ਪੰਥ ਦੀ ਅਗਵਾਈ ਕਰਦਿਆਂ ਇੱਕ ਮਿਸਾਲ ਬਣੇ ਰਹੇ।

ਮਾਣ ਕਰੀਏ, ਸਾਨੂੰ ਧੰਨ ਮਾਤਾ ਸੁੰਦਰ ਕੌਰ ਜੀ ਦੇ ਰੂਪ ਵਿੱਚ ਸਤਿਕਾਰਯੋਗ ਮਾਤਾ ਜੀ ਮਿਲੇ ਹਨ। ਇਤਿਹਾਸਕਾਰਾਂ ਨੇ 9 ਪੋਹ 1724 ਸੰਮਤ (1667 ਈਸਵੀ) ਉਨ੍ਹਾਂ ਦੇ ਆਗਮਨ ਦਿਨ ਦੀ ਤਾਰੀਖ ਖੋਜੀ ਹੈ ਤੇ ਇਸ ਦਿਨ ਆਪਣੇ ਹੋਰ ਨੇਮ ਤੋਂ ਇਲਾਵਾ ਵੱਧ ਤੋਂ ਵੱਧ ਨੇਮ ਦੀ ਹਾਜ਼ਰੀ ਲਗਾਉਣ ਤੋਂ ਕਿਤੇ ਰਹਿ ਨਾ ਜਾਈਏ ਤੇ ਅਰਦਾਸ ਕਰੀਏ, ਧੰਨ ਮਾਤਾ ਜੀ, ਆਪ ਜੀ ਵਰਗੇ ਮਾਤਾ ਜੀ ਦੇ ਪੁੱਤਰ ਕਹਿਲਾਉਣ ਦਾ ਸਾਨੂੰ ਮਾਣ ਪ੍ਰਾਪਤ ਹੋਇਆ ਹੈ। ਤਰਸ ਕਰਨਾ, ਮਿਹਰ ਕਰਨੀ, ਆਪਣੀ ਨਦਰਿ ਦੇ ਖਾਤੇ ਵਿੱਚੋਂ ਸਾਨੂੰ ਇਸ ਤਰ੍ਹਾਂ ਪਿਆਰ ਕਰਨਾ, ਜਿਵੇਂ ਕੋਈ ਮਾਤਾ ਆਪਣੇ ਪੁੱਤਰ ਨੂੰ ਦੁਲਾਰ ਦਿੰਦਿਆਂ ਉਸ ਦੇ ਗੁਣ ਅਵਗੁਣ ਨਹੀਂ ਵੇਖਦੀ, ਬੱਸ ਆਪਣੀਆਂ ਮਿਹਰਾਂ ਦੀ ਝੜੀ ਉਸ ਤੇ ਨਿਛਾਵਰ ਕਰਦੀ ਰਹਿੰਦੀ ਹੈ। ਤੁਹਾਡੀ ਇੱਕ ਨਿਗ੍ਹਾ ਹੀ ਸਾਡੇ ਅਸੰਖਾਂ ਪਾਪਾਂ ਨੂੰ ਸਾੜਨ ਦੇ ਸਮਰੱਥ ਹੈ। ਤੁਹਾਡੀ ਇੱਕ ਨਦਰਿ ਹੀ ਸਾਨੂੰ ਭਵਜਲ ਤੋਂ ਪਾਰ ਕਰ ਸਕਦੀ ਹੈ। ਤੁਹਾਡੇ ਚਰਨਾਂ ਦਾ ਪਿਆਰ, ਤੁਹਾਡੀ ਗੋਦ ਦਾ ਸਾਇਆ ਹਰ ਪਲ ਸਾਨੂੰ ਮਿਲਦਾ ਰਹੇ। ਜੇ ਮਾਤਾ ਜੀ ਪ੍ਰਸੰਨ ਹੋ ਗਏ ਤੇ ਗੁਰੂ ਕਲਗੀਧਰ ਪਿਤਾ ਜੀ ਦੀ ਪ੍ਰਸੰਨਤਾ ਨੂੰ ਫਿਰ ਕੋਈ ਦੇਰ ਨਹੀਂ ਲੱਗਣੀ। ਧੰਨ ਮਾਤਾ ਸੁੰਦਰ ਕੌਰ ਜੀ ਦੇ ਚਰਨਾਂ ਤੇ ਕਰੋੜਾਂ ਵਾਰੀ ਨਮਸਕਾਰ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

# ਛੇਵੇਂ ਪਾਤਸ਼ਾਹ ਜੀ ਅਤੇ ਮਾਤਾ ਦਮੋਦਰੀ ਜੀ ਨੇ ਆਪਣੀ ਬੱਚੀ ਵੀਰੋ ਜੀ ਦੀ ਡੋਲੀ ਤੋਰਨ ਵੇਲੇ ਕਿਹੜੀਆਂ ਸੱਤ ਸਿੱਖਿਆਵਾਂ ਦਿੱਤੀਆਂ?

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਸੱਤਾਈਵਾਂ ਭਾਗ- ਧੰਨ ਧੰਨ ਮਾਤਾ ਦਮੋਦਰੀ ਜੀ

*—ਸੰਪਾਦਕ*

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਸੱਤਾਈਵਾਂ ਭਾਗ- ਧੰਨ ਧੰਨ ਮਾਤਾ ਦਮੋਦਰੀ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

*ਮ: ੧॥*

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*

*(ਅੰਗ ੪੭੩)*

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਵਿੱਚ ਗਜ ਕੇ ਸਾਰੇ ਆਖੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ ਜੀ।

ਹੁਣ ਜਿਹੜਾ ਪ੍ਰਕਰਨ ਚੱਲ ਰਿਹਾ ਹੈ, ਸਤਿਗੁਰੂ ਜੀ ਆਪ ਹੀ ਸਿਰ ਤੇ ਹੱਥ ਰੱਖ ਕੇ ਸੇਵਾ ਲੈਣ :

## ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :

ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ

ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ, ਗਿਆਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਗੁਜਰ ਕੌਰ ਜੀ, ਬਾਰ੍ਹਵੇਂ ਤੇ ਤੇਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਸਾਹਿਬ ਕੌਰ ਜੀ, ਚੌਦਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਕੌਰ ਜੀ (ਮਾਈ ਭਾਗੋ ਜੀ), ਪੰਦਰ੍ਹਵੇਂ ਭਾਗ ਵਿੱਚ ਰਾਣੀ ਮੈਣੀ ਜੀ, ਸੋਲ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਮਨਸਾ ਦੇਈ ਜੀ, ਸਤਾਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਜੀਤੋ ਜੀ, ਅਠਾਰ੍ਹਵੇਂ ਭਾਗ ਵਿੱਚ ਬੀਬੀ ਬਸੰਤ ਲਤਾ ਕੌਰ ਜੀ, ਉਨ੍ਹੀਵੇਂ ਭਾਗ ਵਿੱਚ ਧੰਨ ਧੰਨ ਬੀਬੀ ਅਮਰੋ ਜੀ, ਵੀਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਨਾਨਕੀ ਜੀ, ਇੱਕੀਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਭਰੀ ਜੀ, ਬਾਈਵੇਂ ਭਾਗ ਵਿੱਚ ਬੀਬੀ ਰਜਨੀ ਜੀ, ਤੇਈਵੇਂ ਭਾਗ ਵਿੱਚ ਧੰਨ ਧੰਨ ਮਾਤਾ ਤ੍ਰਿਪਤਾ ਜੀ, ਚੌਵੀਵੇਂ ਭਾਗ ਵਿੱਚ ਮਹਾਰਾਣੀ ਜਿੰਦਾਂ ਜੀ, ਪੰਝੀਵੇਂ ਭਾਗ ਵਿੱਚ ਰਾਏਪੁਰ ਰਾਣੀ ਤੇ ਛੱਬੀਵੇਂ ਭਾਗ ਵਿੱਚ ਧੰਨ ਧੰਨ ਬੀਬੀ ਦੀਪ ਕੌਰ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਸੱਤਾਈਵੇਂ ਭਾਗ ਵਿੱਚ ਉਸ ਬੀਬੀ ਦੇ ਦਰਸ਼ਨ ਕਰਨੇ ਹਨ, ਜੋ ਛੇਵੇਂ ਪਾਤਸ਼ਾਹ ਜੀ ਦੇ ਮਹਿਲ ਹੋਏ ਹਨ:

### *ਧੰਨ ਧੰਨ ਮਾਤਾ ਦਮੋਦਰੀ ਜੀ।*

ਉਨ੍ਹਾਂ ਦੇ ਜੀਵਨ ਵਿੱਚੋਂ ਪਿਆਰ ਭਰੇ ਦਰਸ਼ਨ, ਸਿੱਖਿਆ, ਮਹਾਰਾਜ ਜੀ ਸੇਵਾ ਲੈਣ, ਅਸੀਸਾਂ ਦੇਣਾ, ਇੱਕ ਵਾਰੀ ਪਿਆਰ ਨਾਲ ਪੰਕਤੀਆਂ ਪੜ੍ਹੋ ਜੀ :

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

ਛੇਵੇਂ ਪਾਤਸ਼ਾਹ ਜੀ ਦੇ ਮਹਿਲ (ਸੁਪਤਨੀ), ਮਾਤਾ ਦਮੋਦਰੀ ਜੀ। ਸੰਗਤ ਜੀ, ਡੱਲ੍ਹਾ ਪਿੰਡ ਹੈ। ਉੱਥੇ ਮਾਤਾ ਜੀ ਦਾ ਜਨਮ ਹੋਇਆ। ਅੱਜ ਜਿਹੜੇ ਬੀਬੀ ਜੀ ਦੇ ਜੀਵਨ ਦੇ ਆਪ ਜੀ ਨੇ ਦਰਸ਼ਨ ਕਰਨੇ ਹਨ, ਮਾਤਾ ਦਮੋਦਰੀ ਜੀ ਕਿੰਨੇ ਭਾਗਾਂ ਵਾਲੇ ਹੋਣਗੇ ਜਿਨ੍ਹਾਂ ਦੇ ਪਤੀ ਵੀ ਗੁਰੂ, ਪੋਤਰਾ ਵੀ ਗੁਰੂ ਤੇ ਪੜਪੋਤਰਾ ਵੀ ਗੁਰੂ। ਮਾਤਾ ਦਮੋਦਰੀ ਜੀ ਦੇ ਤਿੰਨ ਬੱਚੇ ਹੋਏ ਹਨ, ਕੁੱਖ ਤੋਂ। ਬਾਬਾ ਅਣੀ ਰਾਏ ਜੀ, ਬੀਬੀ ਵੀਰੋ ਜੀ ਅਤੇ ਬਾਬਾ ਗੁਰਦਿੱਤਾ ਜੀ। ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਹੋਏ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਫਿਰ ਮਾਤਾ ਦਮੋਦਰੀ ਜੀ ਦੇ ਪੋਤਰੇ ਹੋ ਗਏ। ਪਤੀ ਵੀ ਗੁਰੂ, ਪੋਤਰਾ ਵੀ ਗੁਰੂ। ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਅੱਗੋਂ ਸਪੁੱਤਰ, ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੇ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਾਤਾ ਦਮੋਦਰੀ ਜੀ ਦੇ ਪੜਪੋਤਰੇ ਹੋ ਗਏ।

ਮਾਤਾ ਦਮੋਦਰੀ ਜੀ ਦੇ ਪਿਤਾ ਜੀ ਦਾ ਨਾਂ ਨਰਾਇਣ ਦਾਸ। ਡੱਲ੍ਹੇ ਪਿੰਡ ਦਾ ਜਨਮ। ਜਿਹੜੇ ਮਾਤਾ ਦਮੋਦਰੀ ਜੀ ਦੇ ਮਾਤਾ ਜੀ ਹੋਏ ਹਨ, ਉਹ ਗੁਰਬਾਣੀ ਦਾ ਨੇਮ ਕਰਕੇ ਰਸੋਈ ਵਿੱਚ ਵੜਦੇ ਸੀ। ਗੁਰਬਾਣੀ ਦਾ ਨੇਮ ਕੀਤੇ ਬਗੈਰ ਰਸੋਈ ਸ਼ੁਰੂ ਹੀ ਨਹੀਂ ਸੀ ਕਰਦੇ। ਇਹ ਗੱਲਾਂ ਵਿੱਚੋਂ ਗੁਣ ਲੈਣੇ ਹਨ। ਮਾਤਾ ਦਮੋਦਰੀ ਜੀ ਦੇ ਮਾਤਾ ਜੀ, ਇਹ ਉਨ੍ਹਾਂ ਦੀ ਗੱਲ ਚੱਲ ਰਹੀ ਹੈ। ਜਦੋਂ ਮਾਤਾ ਦਮੋਦਰੀ ਜੀ ਦਾ ਜਨਮ ਹੋਇਆ ਤੇ ਇਤਿਹਾਸਕਾਰਾਂ ਨੇ ਲਿਖਿਆ ਹੈ, ਮਾਤਾ ਦਮੋਦਰੀ ਜੀ ਦੇ ਮਾਤਾ ਜੀ ਗੁਰੂ ਦੇ ਰੰਗ ਵਿੱਚ ਰੰਗੇ, ਗੁਰੂ ਪਿਆਰ ਨਾਲ ਭਰੇ ਸਿੱਖੀ ਦੇ ਪੱਖ ਤੋਂ ਇੰਨੇ ਸਖਤ ਸਨ ਕਿ ਉਨ੍ਹਾਂ ਵੱਲੋਂ ਅੱਗੋਂ ਬੱਚਿਆਂ ਨੂੰ ਹਦਾਇਤ ਸੀ ਕਿ ਇਸ਼ਨਾਨ ਕਰਕੇ ਜਦ ਤੱਕ ਤੁਸੀਂ ਸਿਮਰਨ ਤੇ ਬਾਣੀ ਦੀ ਹਾਜ਼ਰੀ ਨਹੀਂ ਲਗਾਈ, ਕੁਝ ਖਾਣ ਨੂੰ ਨਹੀਂ ਮਿਲੇਗਾ। ਇਹ ਵੀ ਵੱਡੇ ਭਾਗ ਹੁੰਦੇ ਹਨ ਕਿ ਘਰ ਵਿੱਚ ਬਚਪਨ ਤੋਂ ਹੀ ਅਜਿਹਾ ਮਾਹੌਲ ਮਿਲ ਜਾਵੇ। ਇਹ ਬੜੀ ਵੱਡੀ ਗੱਲ ਹੈ। ਜਿਸ ਨੂੰ ਬਚਪਨ ਵਿੱਚ

ਹੀ ਘਰ ਵਿੱਚੋਂ ਅਜਿਹਾ ਮਾਹੌਲ ਮਿਲ ਜਾਵੇ ਕਿ ਗੁਰਬਾਣੀ, ਨਾਮ ਸਿਮਰਨ ਦੀ ਇੰਨੀ ਹਾਜ਼ਰੀ ਭਰੋਗੇ ਤਾਂ ਸਵੇਰੇ ਕੁਝ ਖਾਣ ਨੂੰ ਮਿਲੇਗਾ। ਕਿਰਪਾ ਉਸ ਨੇ ਕਰਨੀ ਹੈ ਪਰ ਨਿਮਰਤਾ ਵਿੱਚ, ਪ੍ਰੇਰਨਾ ਵਿੱਚ, ਬਹੁਤ ਸਖਤ ਨਹੀਂ ਹੋਣਾ। ਨਿਮਰਤਾ ਵਿੱਚ, ਪ੍ਰੇਰਨਾ ਵਿੱਚ, ਪ੍ਰੇਮ ਵਿੱਚ ਅਗਰ ਅਸੀਂ ਵੀ ਆਪਣੇ ਬੱਚਿਆਂ ਨੂੰ ਦੋਸਤ ਬਣਾ ਕੇ, ਦੂਜੀ ਗੱਲ ਨਹੀਂ, ਕੰਧਾਂ ਖੜ੍ਹੀਆਂ ਕਰਕੇ ਨਹੀਂ, ਉਹ ਸਮਾਂ ਬਿਲਕੁਲ ਨਹੀਂ ਰਿਹਾ, ਚਪੇੜ ਮਾਰਨ ਦਾ ਸਮਾਂ ਨਹੀਂ ਰਿਹਾ, ਝਿੜਕਣ ਦਾ ਵੀ ਨਹੀਂ ਰਿਹਾ, ਬੱਚਿਆਂ ਨੂੰ ਹੋਰ ਕਿਸੇ ਢੰਗ ਨਾਲ ਮਾਰਨ ਦਾ ਵੀ ਸਮਾਂ ਨਹੀਂ ਰਿਹਾ। ਹੁਣ ਦੋਸਤ ਬਣਾ ਕੇ, ਮਿਠਾਸ ਵਿਚ, ਪ੍ਰੇਰਨਾ ਨਾਲ, ਥੋੜ੍ਹਾ ਬਹੁਤ ਆਪਣੇ ਘਰਾਂ ਵਿੱਚ ਇਹੋ ਜਿਹਾ ਉਪਰਾਲਾ, ਮਾਹੌਲ ਪੈਦਾ ਕਰੀਏ, ਇੱਕ ਬੜੇ ਵਧੀਆ ਸਮਾਜ ਦੀ ਸਿਰਜਣਾ ਹੋ ਸਕਦੀ ਹੈ, ਕਿਰਪਾ ਹੋ ਸਕਦੀ ਹੈ। ਇਹ ਮਾਤਾ ਦਮੋਦਰੀ ਜੀ ਦੇ ਮਾਤਾ ਜੀ ਅੱਗੋਂ, ਜੋ ਰਾਈਟਰਾਂ ਨੇ ਲਿਖਿਆ ਹੈ ਕਿ ਜਦ ਤੱਕ ਨਾਮ ਸਿਮਰਨ ਗੁਰਬਾਣੀ ਦੀ ਬੱਚਾ ਹਾਜ਼ਰੀ ਨਾ ਲਗਾ ਲਵੇ ਤੇ ਕੁਝ ਖਾਣ ਨੂੰ ਨਹੀਂ ਦਿੰਦੇ ਸੀ, ਪਿਆਰ ਵਿੱਚ।

ਹੁਣ ਅਗਲੀ ਗੱਲ ਬੜੀ ਪਿਆਰੀ ਹੈ। ਅੱਜ ਜਿਸ ਮਾਤਾ ਜੀ ਦਾ ਤੁਸੀਂ ਜ਼ਿਕਰ ਪੜ੍ਹ ਰਹੇ ਹੋ, ਮਾਤਾ ਦਮੋਦਰੀ ਜੀ। ਤੁਸੀਂ ਫੀਲ ਨਾ ਕਰਨਾ। ਅੱਜ ਬੱਚਾ ਬੋਲਣਾ ਸ਼ੁਰੂ ਹੋਵੇ, ਆਮ ਘਰਾਂ ਵਿੱਚ ਕਹਿੰਦੇ ਹਨ, ਬੋਲ ਪਾਪਾ, ਮੰਮਾਂ ਜਾਂ ਦੀਦੀ। ਹੁਣ ਚਾਚਾ ਨੂੰ ਚਾਚੂ ਕਹਿਣ ਲੱਗ ਪਏ ਹਨ, ਆਹ ਬੋਲ। ਦਾਸ ਨੂੰ ਇੱਥੇ ਠੰਡ ਪਈ, ਇਹ ਲਫਜ਼ ਸੁਣ ਕੇ ਕਿ ਮਾਤਾ ਦਮੋਦਰੀ ਜੀ ਨੇ ਜਦੋਂ ਬੋਲਣਾ ਸ਼ੁਰੂ ਕੀਤਾ ਤੇ ਉਸ ਬੋਲਣ ਦੇ ਵਿੱਚ ਸਭ ਤੋਂ ਪਹਿਲੇ ਮੂਲ ਮੰਤਰ ਉਨ੍ਹਾਂ ਨੂੰ ਜ਼ਬਾਨੀ ਕੰਠ ਹੋਇਆ। ਬੜੀ ਵੱਡੀ ਗੱਲ ਹੈ। ਇਹ ਗੁਣ ਲੈਣਾ। ਮਾਂ ਨੇ ਇੱਥੋਂ ਸ਼ੁਰੂ ਕੀਤਾ ਹੋਵੇਗਾ। ਨਹੀਂ ਤਾਂ ਅਸੀਂ ਕਹਿੰਦੇ ਹਾਂ, ਬੋਲ ਪਾਪਾ, ਬੋਲ ਮੰਮਾ। ਮਾਂ ਨੇ ਕਿਹਾ ਹੋਵੇਗਾ, ਬੋਲ ੧ਓ। ਬੇਟਾ, ਬੋਲ ਸਤਿਨਾਮੁ। ਇਹ ਗੱਲਾਂ ਲਿਖੀਆਂ ਹੋਈਆਂ ਬੋਲੀਆਂ ਜਾ ਰਹੀਆਂ ਹਨ, ਉਂਞ ਨਹੀਂ। ਜਿਹੜਾ ਬੱਚਾ ਪਹਿਲਾਂ ਬੋਲਦਾ ਹੈ, ਪਾਪਾ, ਮੰਮਾ, ਚਾਚੂ, ਤਾਇਆ ਤੇ ਮਾਤਾ ਦਮੋਦਰੀ ਜੀ ਨੇ ਬੋਲਣ ਦੀ ਸ਼ੁਰੂਆਤ ਵਿੱਚ, ਸਾਧ ਸੰਗਤ ਜੀ, ਬੱਚਾ ਉਚਾਰਨ ਕਰਦਾ ਹੈ, ਲਿਖਿਆ ਹੈ, ਉਨ੍ਹਾਂ ਦੇ ਉਚਾਰਨ ਵਿੱਚ ਸਭ ਤੋਂ ਪਹਿਲਾਂ ਮੂਲ ਮੰਤਰ ਕੰਠ ਹੋਇਆ, ਇਹ ਅੰਦਰ ਗਿਆ। ਮਾਂ ਨੇ ਸਿਖਾਇਆ ਹੋਵੇਗਾ। ਬੋਲ ੧ਓ, ਬੋਲ ਸਤਿਨਾਮੁ। ਕਰਤਾ ਪੁਰਖੁ, ਨਿਰਭਉ, ਨਿਰਵੈਰ। ਇਹ ਚੀਜ਼ ਆਪਣੇ ਘਰਾਂ ਵਿੱਚ ਵੀ ਲਿਆਓ, ਜਿਨ੍ਹਾਂ ਦੇ ਸਮੇਂ ਲੰਘ ਗਏ ਹਨ, ਪੋਤਰਿਆਂ ਪ੍ਰਤੀ ਲਿਆਓ, ਪੋਤਰੀਆਂ ਪ੍ਰਤੀ, ਦੋਹਤਰਿਆਂ ਪ੍ਰਤੀ, ਦੋਹਤਰੀਆਂ ਪ੍ਰਤੀ ਲਿਆਓ। ਘਰ ਵਿੱਚ ਨਾਮ ਹੀ ਨਾਮ ਹੋਵੇ। ਇਹ ਸਿੱਖਿਆ ਲੈਣੀ ਤੇ ਉਸ ਸਿੱਖਿਆ ਦੇ ਖਾਤੇ ਵੀ ਖੋਲ੍ਹਣੇ ਹਨ। ਕਰਿਓ ਕਿਰਪਾ :

***ਉਧਰੁ ਦੇਹ ਅੰਧ ਕੂਪ ਤੇ***
***ਲਾਵਹੁ ਅਪੁਨੀ ਚਰਣੀ ॥੧॥ ਰਹਾਉ ॥***

*(ਅੰਗ ੭੦੨)*

ਦਿਲ ਕਰਦਾ ਸੀ, ਪ੍ਰਮਾਣ ਦਈਏ। ਜਿੰਨੀ ਸੰਗਤ ਹੈ, ਬਾਬਾ ਨੰਦ ਸਿੰਘ ਜੀ ਵਾਲਾ ਪਿਆਰ ਕਰੋ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ। ਬਾਬਾ ਨੰਦ ਸਿੰਘ ਜੀ ਪਿਆਰ ਵਿੱਚ ਕਹਿੰਦੇ ਸੀ, ਹੇ ਕਲਗੀਆਂ ਵਾਲਿਆ ਭਾਂਵੇਂ ਇੱਥੇ ਰੱਖ, ਭਾਂਵੇਂ ਉੱਥੇ ਰੱਖ, ਇੱਕ ਅਰਦਾਸ ਹੈ, ਜਿੱਥੇ ਵੀ ਰੱਖੀਂ ਪਰ ਇੱਕ ਬੇਨਤੀ ਹੈ ਰੱਖੀਂ ਆਪਣੇ ਚਰਨਾਂ ਦੇ ਕੋਲ। ਦਾਸ ਨੂੰ ਇੱਕ ਮੁੰਡੇ ਨੇ ਇੱਕ ਤੋਤਾ ਵਿਖਾਇਆ। ਕਿਸੇ ਨੇ ਜਾ ਕੇ ਵੇਖਣਾ ਹੋਵੇ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਰਾਗਦਾਸ ਚੌਂਕ ਸ੍ਰ. ਅਵਤਾਰ ਸਿੰਘ ਜੀ ਦੇ ਘਰ

ਉਹ ਤੋਤਾ ਹੈ। ਸਾਡੇ ਲਾਂਗਰੀ ਜੋਗਿੰਦਰ ਸਿੰਘ ਪਹਿਲਾਂ ਉਹ ਵੇਖ ਕੇ ਆਏ। ਤੋਤੇ ਨੂੰ ਕਹੋ, ਪੰਥ ਕੀ ਜੀਤ ਤੇ ਉਹ ਪੂਰਾ ਬੋਲਦਾ ਹੈ, ਪੰਥ ਕੀ ਜੀਤ। ਤੋਤੇ ਨੂੰ ਕਹੋ, ਦੇਗ ਤੇਗ ਫਤਹਿ ਤੇ ਉਹ ਕਹੇਗਾ, ਦੇਗ ਤੇਗ ਫਤਹਿ। ਉਨ੍ਹਾਂ ਨੇ ਸਾਰੀ ਵੀਡਿਓ ਲੈ ਕੇ ਵਟਸਅੱਪ ਤੇ ਵੀ ਪਾਈ ਹੈ। ਉਹ ਤੋਤੇ ਨੂੰ ਜੇ ਬੁਲਾਉਂਦੇ ਹਨ, ਬੋਲ ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਤੇ ਤੋਤਾ ਅੱਗੋਂ ਪੂਰਾ ਕਲੀਅਰ ਬੋਲਦਾ ਹੈ। ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਇੱਕ ਜਗ੍ਹਾ ਤੇ ਆ ਕੇ ਦਾਸ ਦਾ ਸਿਰ ਝੁਕ ਗਿਆ, ਜਿਹੜਾ ਬੋਲ ਰਿਹਾ ਹੈ, ਉਸ ਨੇ ਕਿਹਾ ਬੋਲ, ਧੰਨ ਧੰਨ ਬਾਬਾ ਦੀਪ ਸਿੰਘ ਜੀ ਤੇ ਤੋਤਾ ਕਹਿੰਦਾ ਹੈ, ਧੰਨ ਧੰਨ ਬਾਬਾ ਦੀਪ ਸਿੰਘ ਜੀ। ਪਿੰਜਰੇ ਦੇ ਅੰਦਰ ਨਹੀਂ ਬੈਠਾ। ਬਾਹਰ ਬੈਠਾ ਹੈ, ਬੜੀ ਟੌਰ ਨਾਲ। ਜੋ ਦਾਸ ਨੇ ਦੱਸਿਆ ਹੈ, ਉਹ ਦੇਖ ਸਕਦੇ ਹੋ। ਜਦੋਂ ਦਾਸ ਨੇ ਮੋਬਾਇਲ ਤੇ ਸਾਰਾ ਵੇਖਿਆ, ਪੰਜ ਛੇ ਮਿੰਟ। ਵੇਖਦਿਆਂ-ਵੇਖਦਿਆਂ ਦਾਸ ਨੇ ਕਿਹਾ, ਜਨਮ ਤੋਤੇ ਦਾ ਮਿਲ ਗਿਆ ਹੈ, ਪਰ ਬਾਬਾ ਦੀਪ ਸਿੰਘ ਜੀ ਦੇ ਘਰ ਨਾਲ ਪੁਰਾਣਾ ਲਿੰਕ ਹੈ।

ਹੁਣ ਜੂਨਾਂ ਬਹੁਤ ਹਨ। ਘੋੜੇ ਵੀ ਬਹੁਤ ਹਨ। ਉਸ ਘੋੜੇ ਦਾ ਇੱਕ ਵਿਸ਼ੇਸ਼ ਸਥਾਨ ਹੈ, ਜਿਸ ਨੂੰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਤੁਹਾਡੀ ਸਵਾਰੀ ਮਿਲੀ ਹੈ, ਜਿਸ ਉੱਪਰ ਤੁਹਾਡੇ ਮੁਬਾਰਕ ਚਰਨ ਪਏ ਹਨ। ਅੱਜ ਵੀ ਸਾਡੇ ਬੋਲਾਂ ਵਿੱਚ ਆ ਜਾਂਦਾ ਹੈ, ਨੀਲੇ ਵਾਲਿਆ। ਘੋੜੇ ਨੂੰ ਨੀਲਾ ਕਿਹਾ ਜਾਂਦਾ ਸੀ। ਬਾਜ ਵੀ ਬਹੁਤ ਹਨ, ਪਰ ਉਹ ਬਾਜ ਗੁਰੂ ਕਲਗੀਧਰ ਜੀ ਦਾ ਕੋਈ ਸੇਵਕ ਹੋਵੇਗਾ, ਜਿਹੜਾ ਪਿਤਾ ਜੀ ਦੇ ਅੰਗੂਠੇ ਤੇ ਬੈਠਦਾ ਹੈ, ਜਿਹੜਾ ਪਿਤਾ ਜੀ ਦੀ ਮੁੱਠੀ ਤੇ ਬੈਠਦਾ ਹੈ। ਇਸ ਕਰਕੇ ਤੁਸੀਂ ਵੀ ਸਾਰੇ ਅੰਦਰੋਂ ਕਲਗੀਆਂ ਵਾਲੇ ਦੇ ਚਰਨਾਂ ਵਿੱਚ ਬੇਨਤੀ ਕਰਕੇ ਕਹਿਣਾ, ਗਰੀਬ ਨਿਵਾਜ, ਭਾਂਵੇਂ ਇੱਥੇ ਰੱਖ, ਭਾਂਵੇਂ ਉੱਥੇ ਰੱਖ ਜਿੱਥੇ ਵੀ ਰੱਖੀਂ ਪਰ ਗੁਣ ਤੇਰੇ ਹੀ ਗਾਈਏ।

***ਉਧਰੁ ਦੇਹ ਅੰਧ ਕੂਪ ਤੇ***
***ਲਾਵਹੁ ਅਪੁਨੀ ਚਰਣੀ ॥੧॥ ਰਹਾਉ ॥***

*(ਅੰਗ ੭੦੨)*

ਜੋ ਸਹਿਜ ਪਾਠ ਕਰਦਿਆਂ ਵਿੱਚ ਸ਼ਬਦ ਆਉਂਦਾ ਹੈ:

***ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥***

*(ਅੰਗ ੮੬੪)*

ਅਰਦਾਸ ਕਰੋ, ਸਾਡੇ ਘਰ ਦਾ, ਸਾਡੇ ਬੱਚਿਆਂ ਦਾ, ਸਾਡੇ ਕਮਰਿਆਂ ਦਾ ਮਾਹੌਲ ਇਹੋ ਜਿਹਾ ਹੋ ਜਾਵੇ:

***ਗੁਰੂ ਬਿਨਾ ਮੈ ਨਾਹੀ ਹੋਰ ॥***

*(ਅੰਗ ੮੬੪)*

***ਉਧਰੁ ਦੇਹ ਅੰਧ ਕੂਪ ਤੇ***
***ਲਾਵਹੁ ਅਪੁਨੀ ਚਰਣੀ ॥੧॥ ਰਹਾਉ ॥***

*(ਅੰਗ ੭੦੨)*

ਖਿਆਲ ਹੀ ਇਧਰ ਜਾਵੇ। ਸਾਡੇ ਕਰਮ ਇਹੋ ਜਿਹੇ ਬਣਾ ਦਿਓ, ਮਹਾਰਾਜ ਜੀ। ਆਮ ਬੱਚਿਆਂ ਨੂੰ ਚਾਚਾ, ਮੰਮਾ, ਪਾਪਾ ਸਿਖਾਉਂਦੇ ਹਨ ਪਰ ਮਾਤਾ ਦਮੋਦਰੀ ਜੀ, ਉਨ੍ਹਾਂ ਦੇ ਮਾਤਾ ਜੀ ਬੋਲਣ ਦੀ ਸ਼ੁਰੂਆਤ ਹੀ ਇੱਥੋਂ ਕਰਵਾਈ, ਬੋਲ ੧ੴ ਸਤਿਨਾਮੁ ਕਰਤਾ ਪੁਰਖੁ॥ ਇਹ ਰਾਈਟਰਾਂ ਨੇ ਲਿਖਿਆ ਹੈ, ਮਾਤਾ ਦਮੋਦਰੀ ਜੀ ਦਾ ਪਹਿਲਾ ਉਚਾਰਨ, ਇਹ ਉਨ੍ਹਾਂ ਨੂੰ ਮੂਲ ਮੰਤਰ ਕੰਠ ਕਰਵਾਇਆ ਗਿਆ। ਜਦੋਂ ਬੱਚਾ ਬੋਲਣਾ ਸਿੱਖਦਾ ਹੈ ਤੇ ਫਿਰ ਜਿਉਂ-ਜਿਉਂ ਉਮਰ ਵੱਧਦੀ ਗਈ, ਤਿਉਂ-ਤਿਉਂ ਮਾਤਾ ਦਮੋਦਰੀ ਜੀ ਨੂੰ ਹੋਰ ਗੁਰਬਾਣੀ ਦੇ ਪਾਠ ਨਾਲ ਨਾਲ ਕੰਠ ਹੋਏ। ਅੱਗੇ ਲਿਖਿਆ ਹੈ ਕਿ ਡੱਲ੍ਹੇ ਪਿੰਡ ਦੀ ਸੰਗਤ ਨੂੰ ਰੰਗ ਲੱਗਾ ਹੈ। ਇਹ ਲਿਖਿਆ ਹੈ ਕਿ 70-80% ਡੱਲ੍ਹਾ ਪਿੰਡ ਗੁਰੂ ਘਰ ਵਿੱਚ ਪੂਰੀ ਸ਼ਰਧਾ

ਸੀ, ਵਿਕਿਆ ਹੋਇਆ ਸੀ, ਰੰਗਿਆ ਹੋਇਆ ਸੀ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਜਦੋਂ ਡੱਲ੍ਹੇ ਪਿੰਡ ਨੇ ਦਰਸ਼ਨ ਕਰਨ ਆਉਣਾ ਤੇ ਮਾਤਾ ਦਮੋਦਰੀ ਜੀ ਬਾਲ ਅਵਸਥਾ, ਨਾਲ ਆਉਣਾ।

ਜਦੋਂ ਚੰਦੂ ਨੇ ਇਹ ਬੋਲਿਆ ਹੈ, ਚੁਬਾਰੇ ਦੀ ਇੱਟ ਮੋਰੀ ਨੂੰ ਲਗਾ ਆਏ ਹਨ, ਗੁਰੂ ਘਰ ਨੂੰ ਮੋਰੀ ਦੀ ਇੱਟ ਕਿਹਾ ਹੈ। ਸੰਗਤ ਨੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਕਿ ਸਤਿਗੁਰੂ ਜੀ! ਅਸੀਂ ਚੰਦੂ ਦੀ ਧੀ ਨਾਲ ਨਾਤਾ ਨਹੀਂ ਕਰਨਾ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਤੇ ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ, ਮਾਤਾ ਦਮੋਦਰੀ ਜੀ ਦੇ ਪਿਤਾ ਨਰਾਇਣ ਦਾਸ ਜੀ ਨੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਅੱਗੇ ਝੋਲੀ ਅੱਡੀ, ਆਖਿਆ, ਸਤਿਗੁਰੂ ਜੀ, ਮੇਰੀ ਪੁੱਤਰੀ ਦੀ ਸਗਾਈ ਬਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਕਰੋ। ਹਾਜ਼ਰ ਹੈ ਆਪ ਜੀ ਦੇ ਚਰਨਾਂ ਵਿੱਚ, ਆਪ ਜੀ ਦੇ ਘਰ ਲਈ। ਮੈਂ ਇੰਨੇ ਜੋਗਾ ਨਹੀਂ ਪਰ ਜੇ ਮੇਰੀ ਬੇਨਤੀ ਪ੍ਰਵਾਨ ਕਰੋ। ਇਸ ਨੂੰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਇੰਝ ਲਿਖਿਆ ਹੈ, ਪੜ੍ਹਨਾ ਜੀ:

***ਬਡਜੋਂ ਸਹਤ ਹਮ ਗੁਰ ਸ਼ਰਨਾਈ।***
***ਮਮ ਪੁੱਤ੍ਰੀ ਕੀ ਲੇਹੁ ਸਗਾਈ॥੧੨॥***

***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੪)***

ਇਹ ਨਰਾਇਣ ਦਾਸ ਜੀ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਹਿ ਰਹੇ ਹਨ। ਮਮ ਦਾ ਅਰਥ ਹੈ, ਮੇਰੀ।

***ਸੰਮਤ ਸਪਤ ਆਰਬਲ ਹੋਇ।***
***ਹਰਿ ਗੋਬਿੰਦ ਦਾਸੀ ਬਨਿ ਸੋਇ।***
***ਲਾਜ ਬਿਨਾਂ ਮੈਂ ਸਭਾ ਮਝਾਰੀ।***
***ਬਿਨਤੀ ਸ਼ਰਧਾ ਸਹਤ ਉਚਾਰੀ॥੧੩॥***

***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੪)***

ਸ਼ਰਧਾ ਨਾਲ ਬੇਨਤੀ ਕੀਤੀ।

***ਰਾਖਹੁ ਲਾਜ ਮੋਹਿ ਭਰਵਾਸਾ।***
***ਯਾਂ ਤੇ ਕਹੀ ਆਪਨੀ ਆਸਾ।***

***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੪)***

ਮੈਨੂੰ ਭਰੋਸਾ ਹੈ, ਮੇਰੀ ਲਾਜ ਰੱਖੋ। ਮੇਰੀ ਬੱਚੀ ਦਾ ਰਿਸ਼ਤਾ ਪ੍ਰਵਾਨ ਕਰੋ। ਮੈਂ ਭਰੋਸੇ ਨਾਲ ਆਪਣੀ ਆਸ ਤੁਹਾਨੂੰ ਕਹੀ ਹੈ।

ਪੁੰਨ ਅੱਗੇ ਆ ਗਏ। ਗੁਰੂ ਸਾਹਿਬ ਦੇ ਮਹਿਲ ਬਣਨਾ ਪੁੰਨ ਹੈ। ਪਤੀ ਗੁਰੂ, ਪੋਤਰਾ ਗੁਰੂ, ਪੜਪੋਤਰਾ ਗੁਰੂ। ਜਿਹੜਾ ਮੂਲ ਮੰਤਰ ਪਹਿਲਾਂ ਬੋਲਾਂ ਵਿੱਚ ਆਇਆ ਹੈ। ਮਾਤਾ ਪਿਤਾ ਨਹੀਂ ਆਇਆ, ਦੂਜੇ ਸਾਕ ਨਹੀਂ ਆਏ। ਅਸਲੀ ਸਾਕ ਆਇਆ ਹੈ, ਪੁੰਨ ਅੱਗੇ ਆ ਗਏ। ਸਤਿਗੁਰੂ ਜੀ ਨੇ ਰਿਸ਼ਤਾ ਪ੍ਰਵਾਨ ਕਰ ਲਿਆ। ਸਗਾਈ ਹੋ ਗਈ, ਛੇਵੇਂ ਪਾਤਸ਼ਾਹ ਜੀ ਨਾਲ ਤੇ ਨਰਾਇਣ ਦਾਸ ਜੀ ਕਹਿਣ ਲੱਗੇ, ਸਤਿਗੁਰੂ ਜੀ, ਜੇ ਤੁਹਾਡੀ ਮੌਜ ਆਵੇ ਤੇ ਵਿਆਹ ਵੀ ਨਾਲ ਹੀ ਕਰ ਦਿਓ। ਤੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀ ਜਵਾਬ ਦਿੱਤਾ, ਨਹੀਂ ਨਰਾਇਣ ਦਾਸ। ਦੋ ਮਹੀਨੇ ਬਾਅਦ ਮਾਘ ਆ ਰਿਹਾ ਹੈ। ਦੋ ਮਹੀਨੇ ਬਾਅਦ ਮਾਘ ਵਿੱਚ ਡੱਲ੍ਹੇ ਆਵਾਂਗੇ ਤੇ ਫਿਰ ਵਿਆਹ ਦੇ ਕਾਰਜ, ਅਨੰਦ ਦੇ ਕਾਰਜ ਕਰਾਂਗੇ।

ਹੁਣ ਵਿਆਹ ਤੋਂ ਹਫਤਾ ਦਸ ਦਿਨ ਪਹਿਲਾਂ ਨਰਾਇਣ ਦਾਸ ਜੀ ਆ ਗਏ, ਮਾਤਾ ਦਮੋਦਰੀ ਜੀ ਦੇ ਪਿਤਾ ਜੀ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ। ਲਫਜ਼ ਪੜ੍ਹਨ ਵਾਲੇ ਹਨ। ਆ ਕੇ ਕਹਿਣ ਲੱਗੇ, ਵਿਆਹ ਕਿਸ ਤਰ੍ਹਾਂ ਕਰੀਏ? ਤੁਸੀਂ ਗੁਰੂ ਹੋ। ਅਸੀਂ ਨਿਮਾਣੇ ਆਮ ਪਰਿਵਾਰ ਹਾਂ। ਮਾਤਾ ਦਮੋਦਰੀ ਜੀ ਦੇ ਪਿਤਾ ਜੀ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਹਿੰਦੇ, ਵਿਆਹ ਕਿਸ ਤਰ੍ਹਾਂ ਕਰੀਏ ਕਿ ਗੁਰੂ ਘਰ ਦੀ ਸ਼ਾਨ ਦੇ ਤੁੱਲ ਹੋਵੇ। ਬੜੇ ਪਿਆਰੇ

ਲਫਜ਼ ਹਨ। ਸ਼ਾਨ ਵੀ ਬਰਕਰਾਰ ਰਵ੍ਹੇ। ਮੈਂ ਗਰੀਬ ਹਾਂ, ਤੁਸੀਂ ਮਾਰਗ ਦੇ ਦਿਓ। ਵਿਆਹ ਕਿਸ ਤਰ੍ਹਾਂ ਕਰੀਏ ਕਿ ਗੁਰੂ ਘਰ ਦੀ ਸ਼ਾਨ ਦੇ ਤੁੱਲ ਹੋਵੇ। ਹੁਣ ਇਸ ਵਿੱਚੋਂ ਸ਼ਾਇਦ ਕੁਝ ਗੁਣ ਮਿਲ ਜਾਵੇ। ਜਿਵੇਂ ਅੱਜ ਕਲ੍ਹ ਵਿਆਹ ਹੋਣ ਲੱਗ ਪਏ ਹਨ, ਸ਼ਾਇਦ ਕੋਈ ਕਿਰਪਾ ਹੋ ਜਾਵੇ। ਕੋਈ ਪਤਾ ਨਹੀਂ ਹੁੰਦਾ। ਦਾਸ ਹੈਰਾਨ ਰਹਿ ਗਿਆ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੰਜ ਬਚਨ ਮੁੱਖ ਵਿੱਚੋਂ ਕੀਤੇ ਵਿਆਹ ਬਾਰੇ। ਸਤਿਗੁਰੂ ਜੀ ਨੇ ਪਹਿਲਾ ਬਚਨ ਰਸਨਾ ਵਿੱਚੋਂ ਦਿੱਤਾ, ਨਰਾਇਣ ਦਾਸ ਬੜੇ ਧਿਆਨ ਨਾਲ ਸੁਣਨਾ, ਜਿਨ੍ਹਾਂ ਦੇ ਘਰ ਵਿਆਹ ਹੋਣ ਵਾਲੇ ਹਨ, ਨਰਾਇਣ ਦਾਸ, ਬਾਹਰਮੁਖੀ ਦੁਨਿਆਵੀ ਸ਼ਾਨੋ-ਸ਼ੌਕਤ ਤੇ ਦਿਖਾਵੇ ਦਿਖਾਉਣ ਦੇ ਅਸੀਂ ਹੱਕ ਵਿੱਚ ਨਹੀਂ ਹਾਂ। ਦੂਜਾ ਬਚਨ ਕੀਤਾ- ਵਿਆਹ ਸਾਦੇ ਢੰਗ ਨਾਲ ਹੋਵੇ, ਸਾਦਗੀ ਨਾਲ ਹੋਵੇ। ਵੈਸੇ ਤਾਂ ਅੱਜ ਕਲ੍ਹ ਬਹੁਤ ਅਪਸੈਟ ਕੰਮ ਹੋਇਆ ਪਿਆ ਹੈ। ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ। ਕੇਸ ਢੱਕ ਕੇ ਰੱਖਣੇ ਚਾਹੀਦੇ ਹਨ ਪਰ ਕਈ ਵਿਆਹਾਂ ਤੇ ਸੰਗਤ ਕਰਨ ਵਾਲੇ ਪਰਿਵਾਰਾਂ ਦੀਆਂ ਬੱਚੀਆਂ ਗੁਰੂ ਸਾਹਿਬ ਨੂੰ ਦੋ ਨੰਬਰ ਤੇ ਰੱਖਦੇ ਹਨ ਕਹਿਣ ਤੋਂ ਭਾਵ ਚੁੰਨੀ ਵੀ ਸਿਰ ਨਹੀਂ ਰਹਿੰਦੀ। ਔਰ ਰੋਮਾਂ ਦੀ ਵੀ ਬੇਅਦਬੀ ਹੋ ਜਾਂਦੀ ਹੈ। ਸਾਡੇ ਘਰ ਵਿੱਚ ਵਿਆਹ ਹੈ। ਦੁਨੀਆਂ ਨੂੰ ਇੱਕ ਨੰਬਰ ਤੇ ਰੱਖ ਦਿੰਦੇ ਹਾਂ, ਗੁਰੂ ਸਾਹਿਬ ਨੂੰ ਦੋ ਨੰਬਰ ਤੇ। ਇਹ ਨਾ ਰੱਖਿਆ ਕਰੋ। ਦਾਸ ਨੂੰ ਤੁਹਾਡੇ ਵਿੱਚੋਂ ਇੱਕ ਬੀਬੀ ਨੇ ਮਿਹਣਾ ਮਾਰਿਆ ਸੀ। ਦਾਸ ਨੂੰ ਕਹਿੰਦੇ, ਸੰਗਤ ਦੇ ਕੁਝ ਪ੍ਰੇਮੀਆਂ ਦਾ ਅਸਲੀ ਜੀਵਨ ਵੇਖਣਾ ਹੋਵੇ ਤਾਂ ਕਿਸੇ ਵਿਆਹ ਤੇ ਜਾ ਕੇ ਵੇਖੋ। ਉੱਥੇ ਕੀ ਹਾਲ ਹੁੰਦਾ ਹੈ। ਉਸਨੇ ਦਾਸ ਨੂੰ ਮਿਹਣਾ ਮਾਰਿਆ, ਵਡਿਆਈ ਨਹੀਂ ਕੀਤੀ। ਉਸ ਨੇ ਇੱਥੋਂ ਤੱਕ ਕਿਹਾ, ਤੁਹਾਡੇ ਕਈ ਕੀਰਤਨੀਆਂ ਦੀਆਂ ਵਹੁਟੀਆਂ, ਇਹ ਵੀ ਕਿਹਾ ਹੈ, ਉਨ੍ਹਾਂ ਦੀਆਂ ਬੱਚੀਆਂ, ਉਨ੍ਹਾਂ ਦੇ ਸਿਰ ਤੇ ਵੀ ਚੁੰਨੀ ਨਹੀਂ ਹੁੰਦੀ। ਉਨ੍ਹਾਂ ਦੀ ਵੀ ਇਹ ਪੁਜ਼ੀਸ਼ਨ ਬਣੀ ਹੁੰਦੀ ਹੈ ਤੇ ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ, ਜਿਹੜੇ ਇੰਨੇ ਗੁਰੂ ਸਾਹਿਬ ਦੇ ਨੇੜੇ ਹੋ ਕੇ ਵੀ ਇਸ ਚੀਜ਼ ਨੂੰ ਨਹੀਂ ਸੰਭਾਲਦੇ, ਉਨ੍ਹਾਂ ਦੇ ਕੋਲੋਂ ਸਾਧ ਸੰਗਤ ਜੀ, ਹਜ਼ਾਰਾਂ ਸਰੀਰ ਇਹੋ ਜਿਹੀ ਗਲਤ ਪ੍ਰੇਰਨਾ ਲੈ ਜਾਂਦੇ ਹਨ ਕਿ ਇਹ ਬੰਦੇ ਤੇ ਮੋਹਰ ਲੱਗੀ ਹੈ ਤੇ ਗਲਤੀ ਕਰਦਾ ਪਿਆ ਹੈ, ਸਾਨੂੰ ਤਾਂ ਫਿਰ ਕੋਈ ਗੁਨਾਹ ਹੈ ਹੀ ਨਹੀਂ। ਇਹੋ ਜਿਹਾ ਜੀਵਨ ਨਾ ਬਣਾਈਏ ਕਿ ਤੁਹਾਡੇ ਤੋਂ ਕਈ ਗਲਤੀਆਂ ਕਰਨ ਦੀ, ਬੇਅਦਬੀ ਕਰਨ ਦੀ ਸਿੱਖਿਆ ਲੈ ਜਾਣ। ਇਹ ਕਦਮ ਨਾ ਪੁੱਟੀਏ ਪਰ ਇਹ ਕਦੀ ਨੋਟ ਕਰਨਾ ਕਿ ਜਿਸ ਨੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਚੁੰਨੀ, ਕੇਸਕੀ ਸੰਭਾਲੀ, ਉਹ ਵਿਆਹ ਤੇ ਜਾਵੇ, ਉਸਦਾ ਸਤਿਕਾਰ ਸਭ ਤੋਂ ਜ਼ਿਆਦਾ ਹੋਵੇਗਾ। ਆਪਣੇ ਮਾਲਕ ਦੀ ਬਖਸ਼ਿਸ਼ ਸੰਭਾਲੀ ਹੈ, ਕਿਰਪਾ ਹੈ, ਬਖਸ਼ਿਸ਼ ਹੈ। ਵੇਖ ਲੈਣਾ। ਇਹ ਦੂਜਾ ਬਚਨ ਕੀਤਾ, ਵਿਆਹ ਸਾਦੇ ਢੰਗ ਨਾਲ ਹੋਵੇ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਤੀਜਾ ਬਚਨ- ਢੋਲ ਢਮੱਕੇ ਤੇ ਨਾਚ ਟਾਪ ਦੀ ਲੋੜ ਨਹੀਂ ਹੈ। ਚੌਥਾ ਬਚਨ, ਦਾਸ ਨੂੰ ਸਭ ਤੋਂ ਵੱਧ ਪਿਆਰਾ ਲੱਗਾ ਹੈ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ, ਨਰਾਇਣ ਦਾਸ, ਤੂੰ ਕਹਿੰਦਾ ਹੈਂ ਕਿ ਵਿਆਹ ਕਿਹੜੇ ਢੰਗ ਨਾਲ ਕਰੀਏ ਕਿ ਗੁਰੂ ਘਰ ਦੀ ਸ਼ਾਨ ਦੇ ਤੁੱਲ ਹੋਵੇ ਤੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੌਥਾ ਬਚਨ ਕੀਤਾ- ਕਹਿੰਦੇ, ਅਸੀਂ ਵਿਆਹ ਇਹੋ ਜਿਹਾ ਚਾਹੁੰਦੇ ਹਾਂ, (ਗੁਰੂ) ਹਰਿਗੋਬਿੰਦ ਜੀ ਦਾ ਕਿ ਅਸੀਂ ਬਰਾਤ ਗੁਰਬਾਣੀ ਪੜ੍ਹਦੇ ਲੈ ਕੇ ਆਈਏ ਤੇ ਤੁਸੀਂ ਸਾਰੇ ਕੁੜਮ ਜੋਟੀਆਂ ਨਾਲ ਸ਼ਬਦ ਪੜ੍ਹਦੇ ਅੱਗੋਂ ਸਾਨੂੰ ਲੈਣ ਆਓ। ਦਾਸ ਨੂੰ ਇਹ ਗੱਲ ਬੜੀ ਵਧੀਆ ਲੱਗੀ। ਅਸੀਂ ਸਾਰੀ ਬਰਾਤ ਗੁਰਬਾਣੀ ਪੜ੍ਹਦੇ ਬਰਾਤ ਲੈ ਕੇ ਆਈਏ ਤੇ ਤੁਸੀਂ ਕੁੜਮਾਂ ਦਾ

ਪਰਿਵਾਰ ਲੜਕੀ ਵਾਲਿਆਂ ਦਾ ਪਰਿਵਾਰ ਜੋਟੀਆਂ ਨਾਲ ਸ਼ਬਦ ਪੜ੍ਹਦੇ ਅੱਗੋਂ ਸਾਨੂੰ ਲੈਣ ਆਓ। ਸੰਗਤ ਜੀ ਚੰਗੀ ਗੱਲ ਦੱਸਣੀ ਚਾਹੀਦੀ ਹੈ, ਤੁਸੀਂ ਇਹੋ ਜਿਹਾ ਵਿਆਹ ਕਦੀ ਵੇਖਿਆ ਹੈ, ਸ਼ਾਇਦ ਹੀ ਵੇਖਿਆ ਹੋਵੇਗਾ। ਦਾਸ ਨੇ ਵੇਖਿਆ ਹੈ, ਵਿਆਹ ਦੀ ਵੀਡਿਓ ਵੇਖੀ ਹੈ। ਉਨ੍ਹਾਂ ਨੇ ਲੈਪਟਾਪ ਤੇ ਵਿਖਾਈ। ਇੰਦੌਰ ਵਿਖੇ ਵਿਆਹ ਹੋਇਆ। ਕਲਿਆਣ ਸਿੰਘ ਹਨ, ਬੜੇ ਗੁਰਸਿੱਖ ਪਿਆਰੇ ਹਨ। ਜਦੋਂ ਇੰਦੌਰ ਜਾਈਏ ਕੀਰਤਨ ਕਰਨ ਤੇ ਦਾਸ ਉਨ੍ਹਾਂ ਦੇ ਘਰ ਹੀ ਰੁਕਦਾ ਹੈ। ਉਨ੍ਹਾਂ ਦੇ ਬੇਟੇ ਦਾ ਵਿਆਹ ਹੋਇਆ ਹੈ ਤੇ ਜਿੰਨੀ ਬਰਾਤ ਗਈ ਹੈ, ਸਾਰੀ ਬਰਾਤ ਜਿਹੜੀ ਘਰੋਂ ਨਿਕਲੀ ਹੈ, ਜਾਣ ਵਾਸਤੇ, ਸਾਧ ਸੰਗਤ ਜੀ, ਜਿਵੇਂ ਕੋਈ ਚੌਕੀ ਨਿਕਲਦੀ ਹੈ, ਨਗਰ ਕੀਰਤਨ ਨਹੀਂ ਕਹਾਂਗਾ, ਚੌਕੀ ਕਹਿ ਲਓ, ਪ੍ਰਭਾਤ ਫੇਰੀ ਨਿਕਲਦੀ ਹੈ ਤੇ ਦਾਸ ਵੀਡਿਓ ਵੇਖ ਕੇ ਹੈਰਾਨ ਹੋ ਗਿਆ, ਲੜਕੇ ਦੇ ਪਿਤਾ ਜੀ ਨੇ ਗਲ ਵਿੱਚ ਢੋਲਕੀ ਪਾਈ ਹੋਈ ਹੈ, ਉਨ੍ਹਾਂ ਦੀ ਘਰਵਾਲੀ ਨੇ, ਪਰਿਵਾਰ ਨੇ ਕਿਸੇ ਨੇ ਛੈਣੇ ਫੜੇ ਹਨ, ਕਿਸੇ ਨੇ ਟੱਲੀਆਂ ਫੜੀਆਂ ਹਨ। ਦਾਸ ਨੂੰ ਉਨ੍ਹਾਂ ਨੇ ਲੈਪਟਾਪ ਤੇ ਵੀਡਿਓ ਵਿਖਾਈ। ਬੜੀ ਇੱਕ ਅਜੀਬ ਜਿਹੀ ਖੁਸ਼ੀ, ਸਾਰੇ ਇਸ ਤਰ੍ਹਾਂ। ਜਿਵੇਂ ਵੀਰਵਾਰ ਅਸੀਂ ਹਫਤਾਵਾਰੀ ਸਮਾਗਮ ਤੇ ਇਕੱਠੇ ਹੁੰਦੇ ਹਾਂ, ਉਨ੍ਹਾਂ ਨਾਲ ਵੀ ਪੰਜਾਹ ਸੌ ਸਰੀਰ ਸੰਗਤ ਦਾ ਇਕੱਠ ਸੀ। ਬਹੁਤ ਪਿਆਰ ਵਾਲੀਆਂ ਰੰਗੀਆਂ ਸੰਗਤਾਂ ਦਾ। ਸਾਰਿਆਂ ਨੇ ਕੇਸਰੀ ਦਸਤਾਰਾਂ ਸਜਾਈਆਂ ਹਨ ਤੇ ਸ਼ਬਦ ਜੋਟੀਆਂ ਨਾਲ ਪੜ੍ਹਦੇ ਹਨ। ਜਿਵੇਂ ਪ੍ਰਭਾਤ ਫੇਰੀ ਜਾ ਰਹੀ ਹੈ ਤੇ ਇਸ ਤਰ੍ਹਾਂ ਬਰਾਤ ਕੁੜੀ ਵਾਲਿਆਂ ਦੇ ਘਰ ਗਈ ਤੇ ਅੱਗੋਂ ਉਹ ਵੀ ਫਿਰ ਬਾਣੀ ਦੀਆਂ ਜੋਟੀਆਂ ਨਾਲ ਜੀ ਆਇਆਂ ਕਹਿ ਰਹੇ ਹਨ। ਬਾਣੀ ਹੀ ਬਾਣੀ, ਕਿਰਪਾ ਹੀ ਕਿਰਪਾ। ਤੁਸੀਂ ਹੈਰਾਨ ਹੋਵੋਗੇ ਜਿਹੜੇ ਮੁੰਡੇ ਦੀ ਬਰਾਤ ਹੈ, ਜਦੋਂ ਬਰਾਤ ਜਾ ਰਹੀ ਹੈ, ਪੰਜ-ਪੰਜ ਮਿੰਟ ਸਾਰਿਆਂ ਨੇ ਲਗਾਏ। ਘੰਟੇ-ਡੇਢ ਘੰਟੇ ਵਿੱਚ ਉੱਥੇ ਪਹੁੰਚੇ ਹਨ। ਮੁੰਡੇ ਨੇ ਵੀ ਦਸ ਮਿੰਟ ਦਾ ਸ਼ਬਦ ਲਗਾਇਆ, ਮੁੰਡੇ ਦੇ ਭਰਾ ਨੇ ਵੀ ਦਸ ਮਿੰਟ ਦਾ ਸ਼ਬਦ ਲਗਾਇਆ, ਅੱਜ ਅਰਦਾਸ ਕਰੋ, ਸੱਚੇ ਪਾਤਸ਼ਾਹ ਜੀ, ਕਿਤੇ ਇਹੋ ਜਿਹੇ ਰੰਗ ਸਾਡੇ ਘਰਾਂ ਵਿੱਚ ਆ ਜਾਣ। ਕਿਰਪਾ ਹੋ ਜਾਵੇ। ਇਹ ਦਾਸ ਨੂੰ ਉਨ੍ਹਾਂ ਨੇ ਆਪਣੇ ਲੈਪਟਾਪ ਤੇ ਸਾਰਾ ਸੀਨ ਵਿਖਾਇਆ ਕਿ ਬਰਾਤ ਜਿੰਨੀ ਗਈ ਹੈ, ਪ੍ਰਭਾਤ ਫੇਰੀ ਵਾਂਗੂੰ, ਚੌਕੀ ਵਾਂਗੂੰ, ਕੀਰਤਨ ਕਰਦਿਆਂ ਤੇ ਲੜਕੀ ਵਾਲੇ ਵੀ ਉਹ ਵੀ ਪਿਆਰ ਦੇ ਨਾਲ:

***ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥***

*(ਅੰਗ ੭੬੪)*

ਅਰਦਾਸ ਕਰੋ ਮਹਾਰਾਜ ਜੀ, ਇਹੋ ਜਿਹਾ ਪਿਆਰ ਸਾਡੇ ਪਰਿਵਾਰ ਵਿੱਚ ਵੀ ਇਸ ਤਰ੍ਹਾਂ ਸੇਵਾ ਲੈਣੀ। ਇਸ ਜਗਤ ਦਾ ਰੂਪ ਬਦਲ ਜਾਵੇਗਾ। ਸਤਿਸੰਗ ਜਗਤ ਦੇ ਵਿੱਚ ਸੁੱਚਮਤਾ, ਚੰਗੇ ਸਮਾਜ ਦੀ ਸਿਰਜਣਾ ਪੈਦਾ ਕਰਦਾ ਹੈ। ਪੰਜਵਾਂ ਬਚਨ ਮਹਾਰਾਜ ਜੀ ਨੇ ਕਿਹਾ- ਚੌਥੇ ਪਾਤਸ਼ਾਹ ਜੀ ਦੀਆਂ ਉਚਾਰਨ ਕੀਤੀਆਂ ਲਾਵਾਂ ਕੀਰਤਨ ਦੇ ਮੰਡਲ ਵਿੱਚ ਅਖੰਡ ਧੁਨੀਆਂ ਵਿੱਚ ਇਹ ਕਾਰਜ ਹੋਣ। ਇਹ ਪੰਜ ਬਚਨ ਹਨ।

ਦਾਸ ਨੂੰ ਬਾਬਾ ਬੁੱਢਾ ਸਾਹਿਬ ਜੀ ਦੀ ਇੱਕ ਕਾਫੀ ਮੋਟੀ ਕਿਤਾਬ ਲੱਭੀ ਹੈ ਤੇ ਉਸ ਵਿੱਚ ਬਾਬਾ ਬੁੱਢਾ ਸਾਹਿਬ ਜੀ ਦਾ ਜੀਵਨ ਹੈ। ਉਸ ਵਿੱਚ ਲਿਖਿਆ ਹੈ, ਜਦੋਂ ਛੇਵੇਂ ਪਾਤਸ਼ਾਹ ਜੀ ਦੀ ਬਰਾਤ ਡੱਲ੍ਹੇ ਪਿੰਡ ਗਈ ਤੇ ਉਸ ਵਿੱਚ ਲਿਖਿਆ ਹੈ, ਸਾਧ ਸੰਗਤ ਜੀ, ਜਿਹੜੀ ਬਰਾਤ ਜਾ ਰਹੀ ਹੈ, ਦਾਸ ਨੂੰ ਅਨੰਦ ਬੜਾ ਆਇਆ ਹੈ ਪੜ੍ਹ ਕੇ, ਦਾਸ ਤਾਂ ਹੀ ਤੁਹਾਡੇ ਨਾਲ ਸਾਂਝਾ ਕਰ ਰਿਹਾ ਹੈ। ਜਿਹੜਾ ਸਿੱਖ ਭਿੱਜਿਆ ਹੈ, ਉਸ ਨੂੰ ਬੜਾ ਚੰਗਾ ਲੱਗੇਗਾ। ਬਾਬਾ ਬੁੱਢਾ ਸਾਹਿਬ ਜੀ ਦੀ ਬਹੁਤ ਪੁਰਾਣੀ ਕਿਤਾਬ ਹੈ ਤੇ

ਉਸ ਵਿੱਚ ਨਕਸ਼ਾ ਲਿਖਿਆ ਹੈ, ਸੱਚੇ ਪਾਤਸ਼ਾਹ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਜਾ ਰਹੇ ਹਨ ਤੇ ਖੱਬੇ ਪਾਸੇ ਬਾਬਾ ਬੁੱਢਾ ਸਾਹਿਬ ਜੀ, ਵਿਚਕਾਰ ਛੇਵੇਂ ਪਾਤਸ਼ਾਹ ਜੀ ਘੋੜੀ ਤੇ ਬੈਠੇ ਹਨ। ਕਲਗੀ ਲਗਾਈ ਹੋਈ ਹੈ ਤੇ ਉਸ ਤੋਂ ਪਿੱਛੇ ਸਾਰੀ ਬਰਾਤ ਹੈ। ਸਾਖੀਕਾਰਾਂ ਨੇ ਲਿਖਿਆ ਹੈ, ਨਰਾਇਣ ਦਾਸ ਜੀ ਫਿਰ ਜੋਟੀਆਂ ਨਾਲ ਸ਼ਬਦ ਪੜ੍ਹਦੇ ਅੱਗੋਂ ਗੁਰੂ ਸਾਹਿਬ ਜੀ ਨੂੰ ਲੈਣ ਵਾਸਤੇ ਆਏ ਤੇ ਉਨ੍ਹਾਂ ਸਭ ਤੋਂ ਪਹਿਲਾਂ ਪੰਜਵੇਂ ਪਾਤਸ਼ਾਹ ਜੀ ਦੇ ਚਰਨਾਂ ਨੂੰ ਹੱਥ ਲਗਾਇਆ, ਫਿਰ ਬਾਬਾ ਬੁੱਢਾ ਸਾਹਿਬ ਜੀ ਦੇ ਚਰਨੀਂ ਹੱਥ ਲਗਾਇਆ, ਫਿਰ ਸਾਰੀ ਸੰਗਤ ਜਿਹੜੀ ਬਰਾਤ ਨਾਲ ਸੀ, ਉਸ ਨੂੰ ਸੰਗਤ ਸਮਝ ਕੇ ਮੱਥਾ ਟੇਕਿਆ, ਨਮਸਕਾਰ ਕੀਤੀ, ਬੜੇ ਪਿਆਰ ਨਾਲ ਗੁਰਬਾਣੀ ਦੁਆਰਾ ਜੀ ਆਇਆਂ ਕਿਹਾ। ਤਿੰਨ ਦਿਨ ਬਰਾਤ ਰੁਕੀ। ਪਹਿਲਾਂ ਦਿਨ ਉਹ ਜਿਸ ਦਿਨ ਬਰਾਤ ਆਈ। ਅਗਲੇ ਦਿਨ ਅਨੰਦ ਕਾਰਜ ਤੇ ਤੀਜੇ ਦਿਨ ਵਾਪਸੀ। ਉਦੋਂ ਪੈਦਲ ਕਾਰਜ ਸੀ, ਸਮਾਂ ਲੱਗਦਾ ਸੀ ਤੇ ਲਿਖਿਆ ਹੈ ਇਤਿਹਾਸਕਾਰਾਂ ਨੇ ਕਿ ਤੜਕਸਾਰ ਲਾਵਾਂ ਪੜ੍ਹੀਆਂ ਗਈਆਂ। ਇਸ ਨੂੰ ਸਮਝ ਲੈਣਾ, ਅੰਮ੍ਰਿਤ ਵੇਲਾ। ਹੁਣ ਵਾਲਾ ਕੰਮ ਨਹੀਂ, ਸ਼ਾਮ ਦੇ ਪੰਜ-ਪੰਜ ਵਜੇ। ਤੜਕਸਾਰ ਲਾਵਾਂ ਪੜ੍ਹੀਆਂ ਗਈਆਂ। ਪੂਰੇ ਅਖੰਡ ਦੀਵਾਨ ਸਜੇ, ਕੀਰਤਨ ਦੇ ਅਖਾੜੇ ਸਜੇ।

ਇਹ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਡੱਲ੍ਹੇ ਪਿੰਡ ਦੀ ਸੰਗਤ ਦਾ ਭਾਈ ਨਰਾਇਣ ਦਾਸ ਜੀ ਨਾਲ ਇੰਨਾ ਪਿਆਰ ਸੀ ਕਿ ਕੋਈ ਫੁਲਕਾਰੀਆਂ ਲੈ ਕੇ ਆਇਆ, ਕੋਈ ਪਦਾਰਥ, ਕੋਈ ਕੁਝ। ਹਰ ਕੋਈ ਪਿਆਰ ਵਿੱਚ ਕੁਝ ਨਾ ਕੁਝ ਲੈ ਕੇ ਆਇਆ ਕਿ ਇਸ ਦੀ ਬੱਚੀ ਦਮੋਦਰੀ ਜੀ ਦਾ ਅਨੰਦ ਕਾਰਜ ਹੈ, ਵਿਆਹ ਹੈ। ਡੱਲ੍ਹਾ ਪਿੰਡ ਇੰਨਾ ਖੁਸ਼ ਸੀ, ਕਿਉਂ ਖੁਸ਼ ਸੀ ਕਿ ਅਸੀਂ ਡੱਲ੍ਹੇ ਪਿੰਡ ਵਾਲੇ ਕਿੰਨੇ ਵੱਡੇ ਭਾਗਾਂ ਵਾਲੇ ਹਾਂ ਕਿ ਸਾਡੀ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਨਾਲ ਸਾਂਝ ਪੈ ਗਈ ਹੈ। ਸਾਡੇ ਪਿੰਡ ਦੀ ਬੱਚੀ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਵਿਆਹੀ ਜਾ ਰਹੀ ਹੈ ਤੇ ਸਾਡੇ ਪਿੰਡ ਦੀ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਨਾਲ ਸਾਂਝ ਪੈ ਗਈ ਹੈ। ਸੰਗਤ ਜੀ, ਅਨੰਦ ਕਾਰਜ ਹੋ ਗਿਆ। ਮਾਤਾ ਦਮੋਦਰੀ ਜੀ, ਗੁਰੂ ਕੇ ਮਹਿਲ, ਸਾਡੇ ਮਾਤਾ ਜੀ ਜਦੋਂ ਆ ਗਏ ਤੇ ਲਿਖਿਆ ਹੈ ਕਿ ਉਨ੍ਹਾਂ ਸਮਿਆਂ ਵਿੱਚ, ਉਨ੍ਹਾਂ ਦਿਨਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਹੋ ਰਹੀ ਸੀ ਤੇ ਮਾਤਾ ਦਮੋਦਰੀ ਜੀ, ਮਾਤਾ ਗੰਗਾ ਜੀ ਨਾਲ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਵਿੱਚ ਪੂਰਾ ਨਾਲ ਹੱਥ ਵਟਾਉਂਦੇ ਸੀ, ਹਾਜ਼ਰੀ ਭਰਦੇ ਸੀ। ਹੁਣ ਅੱਗੇ ਆ ਜਾਓ। ਪੰਜਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਤੋਂ ਪਹਿਲਾਂ ਛੇਵੇਂ ਪਾਤਸ਼ਾਹ ਜੀ ਨੂੰ ਗੁਰਿਆਈ ਮਿਲੀ। ਛੇਵੇਂ ਪਾਤਸ਼ਾਹ ਜੀ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ, ਜਿਹੜੀ ਤੁਸੀਂ ਪੰਕਤੀਆਂ ਪੜ੍ਹਦੇ ਹੋ:

***ਦੋ ਕਿਰਪਾਨਾਂ ਬੱਧੀਆਂ***
***ਇੱਕ ਮੀਰੀ ਦੀ ਇੱਕ ਪੀਰੀ ਦੀ।***

ਇਹ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਉਨ੍ਹਾਂ ਦੋ ਕਿਰਪਾਨਾਂ ਦੇ ਗਾਤਰੇ ਸੀ, ਉਹ ਮਾਤਾ ਦਮੋਦਰੀ ਜੀ ਨੇ ਆਪਣੇ ਹੱਥੀਂ ਤਿਆਰ ਕੀਤੇ ਸੀ। ਜਿਹੜੇ ਉਹ ਦੋ ਗਾਤਰੇ ਸਨ, ਉਹ ਆਪਣੇ ਹੱਥੀਂ ਤਿਆਰ ਕੀਤੇ ਕਿ ਮੇਰੀ ਵੀ ਹਾਜ਼ਰੀ ਲੱਗ ਜਾਵੇ। ਮੈਨੂੰ ਵੀ ਖੁਸ਼ੀ ਮਿਲੇ, ਪ੍ਰਸੰਨਤਾ ਮਿਲੇ। ਲਿਖਿਆ ਹੈ ਕਿ ਜਦੋਂ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ ਤੇ ਉਦੋਂ ਮਾਤਾ ਦਮੋਦਰੀ ਜੀ ਬਹੁਤ ਘਬਰਾਏ ਕਿ ਇਹ ਕੀ ਬਣ ਗਿਆ ਹੈ ਪਰ ਲਿਖਿਆ ਹੈ ਕਿ ਮਾਤਾ ਗੰਗਾ ਜੀ ਦਾ ਹੌਸਲਾ ਵੇਖ ਕੇ, ਮਾਤਾ ਗੰਗਾ ਜੀ ਦਾ ਹੌਸਲਾ ਬਹੁਤ ਸੀ ਤੇ ਮਾਤਾ ਦਮੋਦਰੀ ਜੀ ਦਾ ਵੀ ਹੌਸਲਾ ਬੁਲੰਦ ਹੋ

ਗਿਆ। ਇੱਕ ਹੌਸਲੇ ਵਾਲੇ ਦੀ ਸੰਗਤ ਨਾਲ। ਹੁਣ ਧਿਆਨ ਦੇਣਾ। ਤੁਸੀਂ ਸੁਣਿਆ ਹੈ ਕਿ ਤਿੰਨ ਬੱਚੇ ਹੋਏ ਹਨ, ਬਾਬਾ ਗੁਰਦਿੱਤਾ ਜੀ, ਬਾਬਾ ਅਣੀ ਰਾਏ ਜੀ ਤੇ ਬੀਬੀ ਵੀਰੋ ਜੀ। ਦਾਸ ਸੰਗਤ ਨੂੰ ਦੱਸਣਾ ਚਾਹੁੰਦਾ ਹੈ ਕਿ ਬਾਬਾ ਅਣੀ ਰਾਏ ਜੀ ਤਿਆਗੀ ਹੋਏ ਹਨ। ਉਨ੍ਹਾਂ ਨੇ ਵਿਆਹ ਨਹੀਂ ਕਰਵਾਇਆ। ਬਾਬਾ ਗੁਰਦਿੱਤਾ ਜੀ ਨੂੰ ਛੇਵੇਂ ਪਾਤਸ਼ਾਹ ਜੀ ਨੇ ਬਾਬਾ ਸ੍ਰੀ ਚੰਦ ਜੀ ਨੂੰ ਸੌਂਪ ਦਿੱਤਾ ਤੇ ਜਿਵੇਂ ਆਪ ਜੀ ਨੂੰ ਪਤਾ ਹੈ, ਇਨ੍ਹਾਂ ਨੇ ਗਾਂ ਜਿਵਾ ਦਿੱਤੀ ਤੇ ਛੇਵੇਂ ਪਾਤਸ਼ਾਹ ਜੀ ਕਹਿੰਦੇ, ਇਹ ਤੁਸਾਂ ਭਾਣੇ ਵਿੱਚ ਲੱਤ ਮਾਰ ਦਿੱਤੀ। ਜਿਵੇਂ ਬਾਬਾ ਅਟੱਲ ਰਾਏ ਜੀ ਨੂੰ ਕਿਹਾ ਸੀ, ਮੋਹਨ ਨੂੰ ਜਿਊਂਦਾ ਕਰ ਦਿੱਤਾ। ਇੱਥੇ ਤਾਂ ਲਾਈਨਾਂ ਲੱਗ ਜਾਣਗੀਆਂ। ਇਸ ਲਈ ਜਾਂ ਤੁਸੀਂ ਜਾਓ ਤੇ ਜਾਂ ਫਿਰ ਅਸੀਂ ਜਾਵਾਂਗੇ। ਬਾਬਾ ਅਟੱਲ ਰਾਏ ਜੀ ਨੇ ਫਿਰ ਸਰੀਰ ਤਿਆਗਿਆ। ਦੋਨੋਂ ਸਪੁੱਤਰ ਬਾਬਾ ਗੁਰਦਿੱਤਾ ਜੀ, ਬਾਬਾ ਅਣੀ ਰਾਏ ਜੀ ਦਰਗਾਹੀ ਰੂਹਾਂ, ਇੰਝ ਕਹਿ ਲਓ ਕਿ ਦਰਗਾਹ ਦੀਆਂ ਕੁੰਜੀਆਂ ਦੇ ਮਾਲਕ ਸਨ। ਬਾਬਾ ਅਣੀ ਰਾਏ ਜੀ ਤਿਆਗੀ ਹੋਏ ਹਨ, ਉਨ੍ਹਾਂ ਨੇ ਵਿਆਹ ਨਹੀਂ ਕਰਵਾਇਆ। ਬਾਬਾ ਗੁਰਦਿੱਤਾ ਜੀ ਨੂੰ ਛੇਵੇਂ ਪਾਤਸ਼ਾਹ ਜੀ ਨੇ ਬਾਬਾ ਸ੍ਰੀ ਚੰਦ ਜੀ ਨੂੰ ਸੌਂਪ ਦਿੱਤਾ। ਸਮਾਂ ਆਉਣ ਤੇ ਬਾਬਾ ਗੁਰਦਿੱਤਾ ਜੀ ਦੇ ਦੋ ਸੁਪੱਤਰ ਹੋਏ ਇੱਕ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੇ ਦੂਜੇ ਧੀਰ ਮੱਲ। ਹੁਣ ਆਓ ਗੱਲ ਕਰੀਏ ਮਾਤਾ ਦਮੋਦਰੀ ਜੀ ਦੀ ਬੱਚੀ ਬੀਬੀ ਵੀਰੋ ਜੀ ਦੀ। ਬੀਬੀ ਵੀਰੋ ਜੀ ਦਾ ਝਬਾਲ ਵਿਆਹ ਹੋਇਆ, ਰਿਸ਼ਤਾ ਹੋਇਆ। ਇੱਥੇ ਗੱਲ ਦਾਸ ਨੂੰ ਬੜੀ ਹੀ ਚੰਗੀ ਲੱਗੀ। ਧਿਆਨ ਦੇਣਾ ਸੰਗਤ ਜੀ।

ਕਿਸੇ ਨੇ ਭਾਈ ਪਿੰਦਰਪਾਲ ਸਿੰਘ ਜੀ ਦੀ ਕਿਤਾਬ ਪੜ੍ਹਨੀ ਹੋਵੇ ਤੇ ਉਸ ਕਿਤਾਬ ਦਾ ਨਾਂ ਹੈ, ਸਤਿਗੁਰ ਕੀ ਸੇਵਾ ਉੱਤਮ ਹੈ। ਉਸ ਵਿੱਚ ਟਾਪਿਕ ਹੈ, ਗੁਰਮੁਖ ਬ੍ਰਹਮ ਬੀਚਾਰੁ। ਅਲੱਗ-ਅਲੱਗ ਟਾਪਿਕ ਹਨ। ਭਾਈ ਪਿੰਦਰਪਾਲ ਸਿੰਘ ਜੀ ਅਤੇ ਹੋਰ ਰਾਈਟਰਾਂ ਨੇ ਵੀ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਆਧਾਰ ਤੇ ਇਹ ਲਿਖਿਆ ਹੈ, ਇਹ ਡੋਲੀ ਜਾਣ ਲੱਗੀ ਹੈ ਤੇ ਛੇਵੇਂ ਪਾਤਸ਼ਾਹ ਜੀ ਤੇ ਮਾਤਾ ਦਮੋਦਰੀ ਜੀ ਨੇ ਆਪਣੀ ਬੱਚੀ ਨੂੰ ਡੋਲੀ ਤੋਰਨ ਵੇਲੇ ਕਿਹੜੀਆਂ-ਕਿਹੜੀਆਂ ਸਿੱਖਿਆਵਾਂ ਦਿੱਤੀਆਂ? ਸੰਗਤ ਜੀ, ਸੱਤ ਸਿੱਖਿਆਵਾਂ ਹਨ। ਸਾਧ ਸੰਗਤ ਜੀ ਧਿਆਨ ਦੇਣਾ। ਜੇ ਕੋਈ ਧਿਆਨ ਨਾਲ ਪੜ੍ਹ ਲਵੇ ਤੇ ਉਸ ਦਾ ਘਰ ਸੱਚਖੰਡ ਬਣ ਜਾਵੇਗਾ। ਵੇਖੋ, ਕਿੰਨਾ ਵੱਡਾ ਸਾਡਾ ਗੁਰੂ ਘਰ ਹੈ। ਇੰਨਾ ਮਹਾਨ ਹੈ ਸਾਡਾ ਗੁਰੂ ਘਰ। ਸੱਤ ਸਿੱਖਿਆਵਾਂ ਦਿੱਤੀਆਂ। ਕੁਝ ਰਾਈਟਰਾਂ ਨੇ ਵੀ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਆਧਾਰ ਤੇ ਲਿਖਣੀਆਂ ਕੀਤੀਆਂ ਹਨ। ਡੋਲੀ ਤੋਰਨ ਵੇਲੇ ਮਾਤਾ ਦਮੋਦਰੀ ਜੀ ਤੇ ਛੇਵੇਂ ਪਾਤਸ਼ਾਹ ਜੀ ਕਿਹੜੀਆਂ ਸਿੱਖਿਆਵਾਂ ਦਿੱਤੀਆਂ, ਬੜੇ ਪਿਆਰ ਨਾਲ ਕਿਰਪਾ ਕਰਨਾ ਜੀ :

***ਸੁਣ ਪੁਤਰੀ ਪ੍ਰਾਨਨ ਤੇ ਪਿਆਰੀ***

ਇਹ ਬੜੇ ਪਿਆਰੇ ਬਚਨ ਹਨ ਤੇ ਧਿਆਨ ਨਾਲ ਸੁਣਨਾ। ਮਾਤਾ ਦਮੋਦਰੀ ਜੀ ਖੜ੍ਹੇ ਹਨ ਤੇ ਡੋਲੀ ਦੀ ਤਿਆਰੀ ਹੈ। ਤੇ ਲਿਖਿਆ ਹੈ ਕਿ ਮਾਤਾ ਦਮੋਦਰੀ ਜੀ ਨੇ ਬੱਚੀ ਵੀਰੋ ਜੀ ਨੂੰ ਗਲਵਕੜੀ ਵਿੱਚ ਲੈ ਲਿਆ।

***ਸੁਣ ਪੁਤਰੀ ਪ੍ਰਾਨਨ ਤੇ ਪਿਆਰੀ***
***ਜਿਸ ਤੇ ਬੈਸ ਕਿਤੇ ਸੁਪਕਾਰੀ।***

ਹੁਣ ਬਚਨ ਸੁਣਨ ਵਾਲੇ ਹਨ। ਸੱਤ ਸਿੱਖਿਆ ਹਨ, ਡੋਲੀ ਤੋਰਨ ਵੇਲੇ। ਦਾਸ ਨੂੰ ਪਹਿਲੀ ਸਿੱਖਿਆ ਪੜ੍ਹ ਕੇ ਇੰਨਾ ਅਨੰਦ ਆਇਆ, ਮਾਤਾ ਦਮੋਦਰੀ ਜੀ ਤੇ ਛੇਵੇਂ ਪਾਤਸ਼ਾਹ ਜੀ ਆਪਣੀ ਧੀ ਨੂੰ ਕਹਿ ਰਹੇ ਹਨ, ਬੱਚੀਏ, ਤੂੰ ਧੰਨ ਸ੍ਰੀ

ਗੁਰੂ ਅਰਜਨ ਦੇਵ ਜੀ ਦੀ ਪੋਤਰੀ ਹੈਂ। ਹੁਣ ਅਗਲੀ ਗੱਲ ਸੁਣ ਕੇ ਤੁਹਾਨੂੰ ਅਨੰਦ ਆਵੇਗਾ। ਬੱਚੀ, ਤੂੰ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੀ ਪੜਪੋਤਰੀ ਹੈਂ। ਅਗਲੀ ਗੱਲ ਸੁਣਨਾ ਤੇ ਘਰ ਸੱਚਖੰਡ ਬਣ ਜਾਣਗੇ। ਤੇਰੇ ਪਿਤਾ ਦੇ ਘਰ ਕਿਸੇ ਚੀਜ਼ ਦੀ ਕਮੀ ਨਹੀਂ। ਮਾਤਾ ਦਮੋਦਰੀ ਜੀ ਕਹਿ ਰਹੇ ਹਨ, ਕਹਿੰਦੇ ਤੇਰੇ ਪਿਤਾ ਦੇ ਘਰ ਵਿੱਚ ਕਿਸੇ ਚੀਜ਼ ਦੀ ਕਮੀ ਨਹੀਂ। ਇਹ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਪਹਿਲੀ ਸਿੱਖਿਆ ਲਿਖੀ ਹੈ। ਤਿੰਨ ਚੀਜ਼ਾਂ ਲਿਖੀਆਂ ਹਨ। ਤੇਰੇ ਪਿਤਾ ਦੇ ਘਰ ਧਨ, ਪਦਾਰਥ ਤੇ ਪਰਮਾਰਥ ਸਭ ਕੁਝ ਹੈ, ਛੇਵੇਂ ਪਾਤਸ਼ਾਹ ਜੀ ਦੇ ਘਰ। ਤੇਰੇ ਪਿਤਾ ਦੇ ਘਰ ਸਭ ਕੁਝ ਹੈ, ਧਨ ਵੀ ਹੈ, ਪਦਾਰਥ ਵੀ ਹੈ, ਪਰਮਾਰਥ ਵੀ ਹੈ ਪਰ ਜਿਸ ਦੇ ਲੜ ਤੈਨੂੰ ਲਗਾਇਆ ਹੈ, ਜੇ ਉਸ ਦੇ ਘਰ ਤੈਨੂੰ ਰੁੱਖੀ ਰੋਟੀ ਵੀ ਮਿਲੇ ਤੇ ਪਿਤਾ ਦੇ ਘਰ ਦੀਆਂ ਰੋਟੀਆਂ ਯਾਦ ਕਰਕੇ ਪਤੀ ਦੀ ਰੁੱਖੀ ਰੋਟੀ ਨੂੰ ਕਦੀ ਨਿੰਦਣਾ ਨਹੀਂ। ਐਸਾ ਗੁਰੂ ਘਰ ਕਦੀ ਲੱਭੇਗਾ। ਕਈ ਵਾਰ ਪੇਕੇ ਤਕੜੇ ਹੁੰਦੇ ਹਨ, ਤਾਂ ਲੜਕੀਆਂ ਨੂੰ ਪੇਕੇ ਘਰ ਦੇ ਤਕੜੇ ਹੋਣ ਦਾ ਬਹੁਤ ਮਾਣ ਹੁੰਦਾ ਹੈ ਪਰ ਵੇਖੋ ਗੁਰੂ ਸਾਹਿਬ ਵੱਲੋਂ ਉਪਦੇਸ਼ ਕੀ ਦਿੱਤਾ ਜਾ ਰਿਹਾ ਹੈ, ਪਿਤਾ ਦੇ ਘਰ ਸਭ ਕੁਝ ਹੈ ਪਰ ਪਤੀ ਘਰ ਕਿਤੇ ਸਾਦੀ ਰੋਟੀ ਮਿਲੇ ਤੇ ਉਦੋਂ ਪਿਤਾ ਦੀ ਰੋਟੀ ਯਾਦ ਕਰਕੇ ਪਤੀ ਦੀ ਰੋਟੀ ਨੂੰ ਕਦੀ ਨਿੰਦੀਂ ਨਾ। ਅੰਦਰੋਂ ਕਹੋਗੇ, ਇੱਕ ਗੱਲ ਤੇ ਫਿਰ ਵਿਕ ਜਾਣਾ। ਹੱਥ ਅੱਡ ਕੇ ਅੰਮ੍ਰਿਤ ਦੀ ਦਾਤ ਮੰਗਣੀ ਹੈ, ਇਹ ਉਹ ਘਰ ਹੈ। ਜਿੱਥੇ ਦਰਗਾਹੀ ਗੱਲਾਂ ਵੀ ਹਨ, ਗ੍ਰਿਹਸਥੀ ਦੀਆਂ ਸਿੱਖਿਆਵਾਂ ਵੀ ਹਨ।

***ਭੂਲੇ ਮਾਰਗੁ ਜਿਨਹਿ ਬਤਾਇਆ ॥***
***ਐਸਾ ਗੁਰੁ ਵਡਭਾਗੀ ਪਾਇਆ ॥੧॥***

*(ਅੰਗ ੮੦੩)*

ਦੂਜੀ ਸਿੱਖਿਆ, ਇਹ ਭਾਈ ਪਿੰਦਰਪਾਲ ਸਿੰਘ ਜੀ ਨੇ ਆਪਣੀਆਂ ਕਿਤਾਬਾਂ ਵਿੱਚ ਵੀ ਲਿਖਿਆ ਹੈ ਤੇ ਹੋਰ ਰਾਈਟਰਾਂ ਨੇ ਵੀ ਲਿਖੀ ਹੈ। ਦੂਜਾ ਬਚਨ ਧਿਆਨ ਦੇਣ ਵਾਲਾ ਹੈ। ਮਾਤਾ ਦਮੋਦਰੀ ਜੀ ਤੇ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਸ ਤਰ੍ਹਾਂ ਦੇ ਸਨ। ਦੂਜੀ ਸਿੱਖਿਆ ਕੀ ਦਿੱਤੀ, ਬੀਬੀ ਵੀਰੋ ਜੀ ਨੂੰ। ਤੇਰੇ ਪਿਤਾ ਜੀ ਦੇ ਘਰ ਭਾਵੇਂ ਤੈਨੂੰ ਬੇਅੰਤ ਕੀਮਤੀ ਪੁਸ਼ਾਕਾਂ ਮਿਲੀਆਂ ਹਨ, ਸੁਣਨ ਵਾਲਾ ਬਚਨ ਹੈ, ਤੇਰੇ ਪਿਤਾ ਜੀ ਦੇ ਘਰ ਭਾਵੇਂ ਤੈਨੂੰ ਬੇਅੰਤ ਕੀਮਤੀ ਪੁਸ਼ਾਕਾਂ ਮਿਲੀਆਂ ਹਨ, ਪਰ ਪਤੀ ਦੇ ਘਰ ਕੱਤੇ ਹੋਏ ਸੂਤ ਅਤੇ ਸਧਾਰਨ ਕੱਪੜੇ ਵੀ ਮਿਲ ਜਾਣ, ਉਹ ਸਾਦੇ ਕੱਪੜੇ, ਸਧਾਰਨ ਕੱਪੜੇ ਤੇ ਪਿਤਾ ਦੇ ਬਸਤਰ ਯਾਦ ਕਰਕੇ ਕਦੀ ਪਤੀ ਨੂੰ ਉਲਾਂਭਾ ਨਾ ਦੇਈਂ। ਪਹਿਲੇ ਵਿੱਚ ਲਿਖਿਆ ਹੈ, ਨਿੰਦਣਾ ਨਹੀਂ, ਦੂਜੇ ਵਿੱਚ ਲਿਖਿਆ ਹੈ ਕਿ ਉਲਾਂਭਾ ਨਾ ਦੇਈਂ। ਇਸ ਤਰ੍ਹਾਂ ਦਾ ਗੁਰੂ ਘਰ ਕਿਤੇ ਲੱਭੇਗਾ।

ਤੀਜੀ ਸਿੱਖਿਆ, ਭਾਵੇਂ ਪਿਤਾ ਦੇ ਘਰ ਤੈਨੂੰ ਮਖਮਲੀ ਸੇਜਾਂ ਮਿਲੀਆਂ ਹਨ ਪਰ ਪਤੀ ਦੇ ਘਰ ਵਾਣ ਦੀ ਮੰਜੀ ਵੀ ਮਿਲ ਗਈ ਤੇ ਪਿਤਾ ਦੇ ਘਰ ਪਲੰਘ ਚੇਤੇ ਕਰਕੇ ਪਤੀ ਦੀ ਵਾਣ ਦੀ ਮੰਜੀ ਨੂੰ ਨਿੰਦਣਾ ਨਹੀਂ। ਆਹ ਘਰ ਕਿਤੇ ਲੱਭੇਗਾ, ਕੈਸਾ ਦਰਗਾਹੀ ਉਪਦੇਸ਼ ਹੈ।

ਚੌਥੀ ਸਿੱਖਿਆ, ਮਾਤਾ ਦਮੋਦਰੀ ਜੀ ਨੇ ਬੱਚੀ ਵੀਰੋ ਜੀ ਨੂੰ ਦਿੱਤੀ, ਸਾਰਾ ਪਰਿਵਾਰ ਸੁੱਤਾ ਹੋਵੇ, ਤੂੰ ਪਹਿਲਾਂ ਜਾਗਣਾ ਹੈ ਤੇ ਸਾਰਾ ਪਰਿਵਾਰ ਸੌਂ ਜਾਵੇ ਆਪ ਬਾਅਦ ਵਿੱਚ ਸੌਣਾ ਹੈ। ਬੜੀ ਵੱਡੀ ਗੱਲ ਹੈ।

ਪਹਿਲਾਂ ਬੱਚਿਆਂ ਕੋਲੋਂ ਦੋ ਬਾਣੀਆਂ ਸੁਣਦੇ ਸਾਂ, ਸੁਚੱਜੀ, ਕੁਚੱਜੀ। ਕੁਚੱਜੀ ਦੇ ਮਹਾਰਾਜ ਜੀ ਨੇ ਵੇਰਵੇ ਦਿੱਤੇ ਹਨ ਤੇ ਸੁਚੱਜੀ ਦੇ ਵੀ ਵੇਰਵੇ ਦਿੱਤੇ ਹਨ। ਮਾਤਾ ਦਮੋਦਰੀ ਜੀ ਵੱਲੋਂ ਸੁਚੱਜੀ ਵਾਲੀਆਂ ਸਿੱਖਿਆ, ਕੁਚੱਜੀ ਨਾ ਬਣੀਂ। ਪਰਿਵਾਰ ਨੂੰ ਅਰਾਮ

ਵਿੱਚ ਕਰਵਾ ਕੇ ਆਪ ਬਾਅਦ ਵਿੱਚ ਅਰਾਮ ਵਿੱਚ ਹੋਣਾ ਹੈ ਤੇ ਪਰਿਵਾਰ ਸੁੱਤਾ ਹੋਵੇ, ਤੂੰ ਪਹਿਲਾਂ ਉੱਠਣਾ ਹੈ। ਇਹ ਸੁਚੱਜੀ ਦੇ ਗੁਣ ਹਨ।

ਪੰਜਵੀਂ ਸਿੱਖਿਆ, ਸੱਸ-ਸਹੁਰੇ ਦੀ ਜਿੱਥੇ ਨਿੰਦਿਆ ਹੋ ਰਹੀ ਹੋਵੇ, ਉੱਥੇ ਬੈਠਣਾ ਹੀ ਨਹੀਂ। ਦਾਸ ਨੂੰ ਹੁਣ ਇੱਥੇ ਇਹ ਵੀ ਡਰ ਹੈ ਕਿ ਸੱਸਾਂ ਨਾ ਕਿਤੇ ਚੌੜੀਆਂ ਹੋ ਜਾਣ। ਘਰ ਹੀ ਨਾ ਉਲਟ ਜਾਣ। ਸੱਸ ਕਿਤੇ ਇਹ ਨਾ ਕਹਿ ਦੇਵੇ ਕਿ ਮੈਂ ਗੁਰਇਕਬਾਲ ਸਿੰਘ ਦਾ ਕੀਰਤਨ ਸੁਣਿਆ ਹੈ, ਵੇਖ ਲੈ, ਹੁਣ ਦਾਸ ਇੰਨੀ ਕੁ ਬੇਨਤੀ ਕਰਦਾ ਹੈ, ਜਿਹੜੀ ਗੱਲ ਹੋ ਰਹੀ ਹੈ, ਨੂੰਹਾਂ ਦੇ ਫਰਜ਼ ਹਨ ਪਰ ਸੱਸਾਂ ਦੇ ਵੀ ਆਪਣੀ ਜਗ੍ਹਾ ਫਰਜ਼ ਹਨ। ਜਦੋਂ ਨੂੰਹ ਤੇ ਸੱਸ ਦੋਨੋਂ ਹੀ ਆਪਣੇ ਫਰਜ਼ ਸਮਝਣਗੀਆਂ ਤਾਂ ਹੀ ਗੱਡੀ ਚਲਦੀ ਹੈ। ਗੱਡੀ ਦਾ ਕਲੱਚ ਵੀ ਸਹੀ ਹੋਣਾ ਚਾਹੀਦਾ ਹੈ, ਰੇਸ ਵੀ ਸਹੀ ਹੋਣੀ ਚਾਹੀਦੀ ਹੈ, ਟਾਇਰ ਵੀ ਸਹੀ ਹੋਣ, ਬਰੇਕ ਵੀ ਸਹੀ ਹੋਵੇ ਤਾਂ ਗੱਡੀ ਚਲਦੀ ਹੈ। ਹੁਣ ਜਿਸ ਦਿਨ ਸੱਸ ਦੀ ਗੱਲ ਆਈ, ਸਿੱਖ ਪੰਥ ਦੀਆਂ ਬੀਬੀਆਂ ਵਿੱਚ ਤੇ ਫਿਰ ਉਸ ਦਿਨ ਸੱਸਾਂ ਨਾਲ ਗੱਲ ਕਰਾਂਗੇ। ਹੁਣ ਗੱਲ ਚੱਲ ਰਹੀ ਹੈ, ਧੀ ਨੂੰ ਤੋਰਨ ਵੇਲੇ ਜਿਸ ਨੇ ਅੱਗੋਂ ਜਾ ਕੇ ਨੂੰਹ ਬਣਨਾ ਹੈ। ਉਹ ਗ੍ਰਹਿਣ ਕਰੋ ਪਰ ਸੱਸ ਦੇ ਆਪਣੀ ਜਗ੍ਹਾ ਫਰਜ਼ ਹਨ, ਮਰਿਆਦਾ ਹਨ। ਜੇ ਕੋਈ ਨੂੰਹ ਮਾੜੀ ਜਿਹੀ ਉੱਚਾ ਬੋਲ ਗਈ ਹੈ, ਸੱਸ ਨੇ ਫੈਸਲਾ ਕਰ ਲਿਆ ਹੈ ਕਿ ਰਾਤੀਂ ਇਸਦੇ ਪਤੀ ਨੂੰ ਦੱਸਣਾ ਹੈ, ਕਲੇਸ਼ ਪਾਉਣਾ ਹੈ। ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕਹਿ ਰਿਹਾ ਹੈ, ਸੱਸ ਇੰਨਾ ਹੀ ਸੋਚ ਲਵੇ, ਮੇਰੀ ਨੂੰਹ ਨੇ ਥੋੜ੍ਹਾ ਬਹੁਤ ਤਿੱਖਾ ਬੋਲਿਆ ਹੈ ਤੇ ਘਰ ਵਿੱਚ ਕਲੇਸ਼ ਵਾਲੀ ਹਾਲਤ ਬਣਾ ਲਈ ਹੈ, ਇੱਕ ਗੱਲ ਸੱਸ ਵੀ ਧਿਆਨ ਨਾਲ ਸੋਚੇ ਕਿ ਮੈਂ ਜਿਹੜੀ ਆਪਣੀ ਧੀ ਵੀਹ ਸਾਲ ਪਾਲੀ ਹੈ ਕੀ ਉਹ ਵੀਹ ਸਾਲਾਂ ਵਿੱਚ ਕਦੀ ਉੱਚਾ ਨਹੀਂ ਬੋਲੀ, ਬੋਲੀ ਹੋਵੇਗੀ ਪਰ ਦਿਮਾਗ ਵਿੱਚ ਹੁੰਦਾ ਹੈ, ਇਹ ਧੀ ਹੈ। ਇਸ ਤਰ੍ਹਾਂ ਹੀ ਜੇ ਦਿਮਾਗ ਵਿੱਚ ਆ ਜਾਵੇ, ਨੂੰਹ ਵੀ ਧੀ ਹੈ, ਘਰ ਸੱਚਖੰਡ ਬਣ ਜਾਣਗੇ। ਤਾੜੀ ਦੋ ਹੱਥਾਂ ਨਾਲ ਵਜਦੀ ਹੈ। ਹੁਣ ਜਿਹੜਾ ਪ੍ਰਕਰਨ ਚੱਲ ਰਿਹਾ ਹੈ, ਉਹ ਆਪ ਜੀ ਦੇ ਚਰਨਾਂ ਵਿੱਚ ਰੱਖ ਰਿਹਾ ਹਾਂ, ਪਰ ਧੀ ਨੂੰ ਇਹ ਗੁਰੂ ਘਰ ਲੱਭੇਗਾ, ਇੰਨਾ ਵੱਡਾ ਘਰ ਹੋਵੇ, ਇਹ ਸਿੱਖਿਆ ਦੇ ਰਹੇ ਹਨ, ਪੰਜਵੀਂ ਸਿੱਖਿਆ ਦੇ ਰਹੇ ਹਨ ਜਿੱਥੇ ਸੱਸ-ਸਹੁਰੇ ਦੀ ਨਿੰਦਿਆ ਹੋ ਰਹੀ ਹੋਵੇ, ਉੱਥੇ ਬੈਠਣਾ ਹੀ ਨਹੀਂ, ਉੱਠ ਪੈਣਾ ਹੈ।

ਛੇਵੀਂ ਸਿੱਖਿਆ ਸਿੱਧਾ ਦਰਗਾਹ ਦਾ ਨਜ਼ਾਰਾ ਹੈ। ਸਿੱਧੀ ਘਰਾਂ ਵਿੱਚ ਸ਼ਾਂਤੀ ਪਾਉਣ ਵਾਲੀ ਗੱਲ ਹੈ। ਦਾਸ ਦਾ ਦਿਲ ਕਰਦਾ ਸੀ ਕਿ ਮਾਤਾ ਦਮੋਦਰੀ ਜੀ ਦੇ ਚਰਨ ਧੋ ਕੇ ਪੀ ਲਈਏ। ਦਿਲ ਕਰਦਾ ਹੈ, ਛੇਵੇਂ ਪਾਤਸ਼ਾਹ ਜੀ ਦੇ ਚਰਨ ਧੋ ਕੇ ਪੀ ਲਈਏ, ਇੰਨਾ ਵੱਡਾ ਸਾਡਾ ਗੁਰੂ ਘਰ। ਛੇਵੀਂ ਸਿੱਖਿਆ ਦਿੱਤੀ, ਗੱਲਾਂ ਨੂੰ ਬਹੁਤਾ ਅੱਗੇ ਨਹੀਂ ਲੈ ਕੇ ਜਾਣਾ। ਹੁਣ ਅੱਧੇ ਸਮਝੇ ਹੋਣਗੇ ਤੇ ਅੱਧੇ ਨਹੀਂ ਸਮਝੇ ਹੋਣਗੇ। ਕਈ ਵਾਰ ਘਰ ਵਿੱਚ ਕੋਈ ਬਹਿਸ ਹੋ ਜਾਵੇ, ਕੋਈ ਗੱਲ ਹੋ ਜਾਵੇ, ਬੰਦਾ ਉਸਨੂੰ ਅੱਗੇ ਖੜ੍ਹਦਾ ਹੈ, ਬਹਿਸ ਵਧਾਉਂਦਾ ਹੈ। ਇਹ ਸਾਡੇ ਪਿਤਾ ਜੀ ਹਨ, ਗੱਲਾਂ ਨੂੰ ਬਹੁਤਾ ਅੱਗੇ ਨਹੀਂ ਲੈ ਕੇ ਜਾਣਾ, ਬਹਿਸ ਨਹੀਂ ਵਧਾਉਣੀ। ਅੱਗੇ ਲਿਖਿਆ ਹੈ, ਰਿੜਕਣਾ ਨਹੀਂ। ਬਹਿਸ ਨੂੰ ਅੱਗੇ ਵਧਾਓਗੇ ਤੇ ਫਿਰ ਘਰ ਵਿੱਚ ਕੰਮ ਵਧਦਾ ਜਾਂਦਾ ਹੈ। ਹੁਣ ਇਸ ਨੇ ਇੰਨਾ ਬੋਲਿਆ ਹੈ, ਇਸ ਨੇ ਛੇ ਪੈਸੇ ਬੋਲਿਆ ਹੈ ਤੇ ਮੈਂ ਅੱਠ ਪੈਸੇ ਜਵਾਬ ਦੇਣਾ ਹੈ। ਇਹ ਮਹਾਰਾਜ ਜੀ ਉਪਦੇਸ਼ ਦੇ ਰਹੇ ਹਨ, ਗੱਲਾਂ ਨੂੰ ਬਹੁਤਾ ਅੱਗੇ ਨਹੀਂ ਲੈ ਕੇ ਜਾਣਾ, ਰਿੜਕਣਾ ਨਹੀਂ। ਮੁੱਖ ਤੋਂ ਮਿਠਾਸ ਦੇ ਬਚਨ ਬੋਲ ਕੇ ਸਮੇਟਣਾ ਹੈ। ਗੱਲਾਂ ਨੂੰ ਬਹੁਤਾ ਅੱਗੇ ਨਹੀਂ ਲੈ ਕੇ ਜਾਣਾ।

ਸੱਤਵੀਂ ਸਿੱਖਿਆ, ਮਾਤਾ ਦਮੋਦਰੀ ਜੀ ਤੇ ਛੇਵੇਂ ਪਾਤਸ਼ਾਹ ਜੀ ਕਹਿ ਰਹੇ ਹਨ, ਘਰ ਦੇ ਜਿੰਨੇ ਵੀ ਕੰਮ ਹਨ, ਬਗੈਰ ਕਿਸੇ ਦੇ ਕਹੇ, ਜ਼ਿੰਮੇਵਾਰੀ ਨਾਲ ਆਪ ਹੀ ਕਰਨੇ ਹਨ। ਇਹ ਬੜੀ ਵੱਡੀ ਗੱਲ ਹੈ। ਇਹ ਨਹੀਂ ਕਿ ਮੈਨੂੰ ਕੋਈ ਕਹੇਗਾ ਤੇ ਮੈਂ ਤਾਂ ਹੀ ਕਰਨੇ ਹਨ। ਇਹ ਫਲਾਣਾ ਕੰਮ ਮੈਨੂੰ ਕਹੋਗੇ ਤੇ ਮੈਂ ਤਾਂ ਹੀ ਕਰਨਾ ਹੈ, ਨਹੀਂ ਤੇ ਪਿਆ ਹੈ। ਬੜੀ ਵੱਡੀ ਗੱਲ ਹੈ। ਘਰ ਸੱਚਖੰਡ ਬਣ ਜਾਣਗੇ, ਜੇ ਇਹ ਸਿੱਖਿਆ ਘਰ ਲੈ ਆਓਗੇ। ਘਰ ਦੇ ਜੋ ਵੀ ਕੰਮ ਹਨ, ਬਗੈਰ ਕਿਸੇ ਦੇ ਕਹੇ ਜ਼ਿੰਮੇਵਾਰੀ ਨਾਲ ਆਪ ਕਰਨੇ ਹਨ। ਇਸ ਨਾਲ ਸੋਭਾ ਹੁੰਦੀ ਹੈ। ਇਹ ਸੱਤ ਸਿੱਖਿਆਵਾਂ ਪੜ੍ਹ ਕੇ ਕਿਸੇ ਦੇ ਮਨ ਵਿੱਚ ਪਿਆਰ ਆਇਆ ਹੋਵੇ ਤੇ ਵਿਕ ਜਾਓ, ਇਸ ਗੁਰੂ ਘਰ ਅੱਗੇ ਵਿਕਣਾ ਹੀ ਸਭ ਕੁਝ ਹੈ।

1688 ਵਿੱਚ ਡਰੋਲੀ ਵਿਖੇ ਮਾਤਾ ਦਮੋਦਰੀ ਜੀ ਨੇ ਸਰੀਰ ਤਿਆਗਿਆ। ਛੇਵੇਂ ਪਾਤਸ਼ਾਹ ਜੀ ਤੋਂ ਪਹਿਲਾਂ ਸਰੀਰ ਤਿਆਗਿਆ। ਉੱਥੇ ਜਿੱਥੇ ਸਸਕਾਰ ਹੋਇਆ, ਸੁੰਦਰ ਦੇਹੁਰਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਅੱਜ ਤੁਸੀਂ ਸੱਤਾਈਵੇਂ ਭਾਗ ਵਿੱਚ ਮਾਤਾ ਦਮੋਦਰੀ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਆਓ ਜੀ ਇਹ ਪੰਕਤੀਆਂ ਪੜ੍ਹੀਏ ਤੇ ਫਿਰ ਸਮਾਪਤੀ ਹੈ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

□□□

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
**ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।**

1) ਬੈਂਕ ਡਰਾਫਟ, ਚੈੱਕ ਰਾਹੀਂ ਜਾਂ Paytm No. 9876525850
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 184/- ਰੁਪਏ, ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ (ਦੇਸ਼) | |
|---|---|
| ਇੱਕ ਸਾਲ | 150+34=184/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਸੱਤਾਈਵਾਂ ਸਲੋਕ :***

***ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥***
***ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥੨੭॥***

*(ਅੰਗ ੧੪੨੭)*

ਜੇ ਸਦਾ ਸੁੱਖ ਨੂੰ ਚਾਹੁੰਦਾ ਹੈ ਤਾਂ ਪਰਮਾਤਮਾ ਦੀ ਓਟ ਫੜ। ਹੇ ਭਾਈ! ਸੁਣ, ਇਹ ਮਨੁੱਖਾ ਦੇਹੀ ਦੁਰਲੱਭ ਹੈ।

ਬੰਦਾ ਜਿੰਨੇ ਵੀ ਸਾਧਨ ਕਰਦਾ ਹੈ ਸਰੀਰ ਨੂੰ ਸੁੱਖ ਦੇਣ ਦੇ ਹੀ ਯਤਨ ਕਰਦਾ ਹੈ। ਜਦੋਂ ਸਰੀਰ ਮਰ ਜਾਂਦਾ ਹੈ, ਸੁੱਖ ਵੀ ਮਰ ਜਾਂਦੇ ਹਨ। ਜੇ ਕਿਸੇ ਨੂੰ ਪੁੱਛੀਏ ਤੈਨੂੰ ਸੁੱਖ ਕਿੰਨਾ ਕੁ ਚਿਰ ਵਾਸਤੇ ਚਾਹੀਦਾ ਹੈ, ਉਹ ਕਹਿੰਦਾ ਹੈ ਮੈਨੂੰ ਤਾਂ ਸਦਾ ਹੀ ਸੁੱਖ ਚਾਹੀਦਾ ਹੈ। ਫਿਰ ਸਤਿਗੁਰੂ ਜੀ ਕਹਿੰਦੇ ਹਨ ਤੈਨੂੰ ਇੱਕ ਕੰਮ ਕਰਨਾ ਪਏਗਾ।

***ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ ॥***
***ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ ॥***

*(ਅੰਗ ੪੪)*

ਭਾਈ ਵੀਰ ਸਿੰਘ ਜੀ ਦੇ ਬਚਨ ਹਨ ਕਿ ਮਨੁੱਖ ਦਾ ਜ਼ਿਆਦਾ ਦੁਖ ਉਸ ਦੇ ਮਨ ਦੀ ਕਾਢ ਹੈ। ਦੁਖ ਦੀ ਸੋਚ ਦੁਖ ਨਾਲੋਂ ਵੀ ਬੁਰੀ ਹੈ। ਮਸਕੀਨ ਜੀ ਕਹਿੰਦੇ ਹਨ ਕਿ ਆਮ ਸੰਸਾਰੀ ਬੰਦਾ ਦੁਨੀਆਂ ਤੇ ਕਰਮਾਂ ਦਾ ਬੰਨਿਆ ਹੋਇਆ ਆਉਂਦਾ ਹੈ ਕੋਈ ਦੁਖ ਭੋਗਣ, ਕੋਈ ਸੁਖ ਭੋਗਣ, ਕੋਈ ਕਰਜ਼ਾ ਦੇਣ, ਕੋਈ ਕਰਜ਼ਾ ਲੈਣ ਪਰ ਪ੍ਰਭੂ ਦੀ ਸ਼ਰਨ ਪੈ ਕੇ ਨਾਮ ਜਪਣ ਨਾਲ ਸਦਾ ਰਹਿਣ ਵਾਲੀ ਖੁਸ਼ੀ ਮਿਲ ਜਾਂਦੀ ਹੈ।

***ਅਬਿਨਾਸੀ ਖੇਮ ਚਾਹਹਿ ਜੇ ਨਾਨਕ***
***ਸਦਾ ਸਿਮਰਿ ਨਾਰਾਇਣ ॥੨॥੫॥੧੦॥***

*(ਅੰਗ ੭੧੪)*

ਇੱਕ ਪਿੰਡ ਵਿੱਚ ਇੱਕ ਗਰੀਬ ਬੰਦਾ ਰਹਿੰਦਾ ਸੀ। ਉਸ ਕੋਲ ਕੋਈ ਕਾਰੋਬਾਰ ਨਹੀਂ ਸੀ। ਲੋਕੀ ਉਸਨੂੰ ਤਾਹਨੇ ਮਿਹਣੇ ਮਾਰਦੇ ਰਹਿੰਦੇ ਸਨ। ਹੁਣ ਉਸਨੇ ਆਪਣੇ ਦੋਸਤਾਂ, ਮਿੱਤਰਾਂ ਅਤੇ ਰਿਸ਼ਤੇਦਾਰਾਂ ਤੋਂ ਉਧਾਰ ਪੈਸੇ ਲੈ ਕੇ ਵਪਾਰ ਸ਼ੁਰੂ ਕੀਤਾ। ਵਪਾਰ ਕਾਫੀ ਚੱਲ ਗਿਆ ਤੇ ਇਹ ਧਨਾਢ ਬਣ ਗਿਆ। ਹੁਣ ਮਨ ਵਿੱਚ ਸੋਚਿਆ ਕਿ ਜਿਨ੍ਹਾਂ ਤੋਂ ਪੈਸੇ ਉਧਾਰੇ ਫੜੇ ਹਨ ਉਹ ਵਾਪਸ ਕਰ ਦੇਈਏ। ਫਿਰ ਕਹਿੰਦਾ ਹੈ, ਪੈਸਿਆਂ ਨੂੰ ਕਿਹੜਾ ਵਿਆਜ ਪੈ ਰਿਹਾ ਹੈ ਇਸਨੇ ਆਪਣਾ ਕਾਰੋਬਾਰ ਹੋਰ ਵਧਾ ਲਿਆ। ਹੁਣ ਨਾ ਦਿਨੇ ਅਰਾਮ ਨਾ ਰਾਤ ਨੂੰ ਨੀਂਦ ਆਵੇ। ਫਿਰ ਇੱਕ ਦਿਨ ਇਨ੍ਹਾਂ ਦੇ ਪਿੰਡ ਇੱਕ ਮਹਾਂਪੁਰਖ ਆਏ। ਇਹ ਮੋਹਰਾਂ ਦਾ ਘੜਾ ਲੈ ਕੇ ਮਹਾਂਪੁਰਖਾਂ ਕੋਲ

ਗਿਆ ਤੇ ਬੇਨਤੀ ਕੀਤੀ, ਮੈਂ ਬਹੁਤ ਦੁਖੀ ਹਾਂ, ਮੇਰਾ ਦੁਖ ਦੂਰ ਕਰ ਦਿਓ। ਮਹਾਂਪੁਰਖਾਂ ਨੇ ਕਿਹਾ, ਇਹ ਮਾਇਆ ਦੀ ਸਾਨੂੰ ਲੋੜ ਨਹੀਂ ਹੈ।

ਜਿਸ ਦਿਨ ਤੈਨੂੰ ਅਸਲੀ ਦੁਖ ਹੋਵੇਗਾ, ਫਿਰ ਸਾਡੇ ਕੋਲ ਆਵੀਂ। ਹੁਣ ਇਸਨੇ ਮੋਹਰਾਂ ਵਾਲਾ ਘੜਾ ਮਹਾਂਪੁਰਖਾਂ ਦੀ ਕੁਟੀਆ ਲਾਗੇ ਰੁੱਖ ਥੱਲੇ ਦੱਬ ਦਿੱਤਾ ਕਿ ਜਦੋਂ ਲੋੜ ਹੋਵੇਗੀ, ਆਪੇ ਕੱਢ ਲੈਣਗੇ।

ਕਾਫੀ ਚਿਰ ਬਾਅਦ ਇਸ ਦੇ ਕਾਰੋਬਾਰ ਵਿੱਚ ਘਾਟਾ ਪੈਣਾ ਸ਼ੁਰੂ ਹੋ ਗਿਆ। ਜੋ ਬਣਾਇਆ ਸੀ ਉਹ ਵੀ ਵਿਕ ਗਿਆ। ਇਹ ਆਪਣੇ ਮਾਂ-ਬਾਪ ਕੋਲ ਜਾ ਕੇ ਕਹਿਣ ਲੱਗਾ ਕਿ ਮੇਰੀ ਮਦਦ ਕਰੋ ਉਹ ਕਹਿੰਦੇ ਅਸੀਂ ਛੋਟੇ ਜਿਹੇ ਮਕਾਨ ਵਿੱਚ ਰਹਿ ਰਹੇ ਹਾਂ ਜੇ ਇਸਨੂੰ ਵੀ ਵੇਚ ਦਿੱਤਾ ਤਾਂ ਕਿੱਥੇ ਜਾਵਾਂਗੇ। ਹੁਣ ਇਸ ਦੇ ਦੋਸਤ, ਮਿੱਤਰ ਤੇ ਰਿਸ਼ਤੇਦਾਰ ਵੀ ਉਧਾਰੇ ਦਿੱਤੇ ਹੋਏ ਪੈਸੇ ਮੰਗਣ ਲੱਗੇ। ਇਹ ਫਿਰ ਮਹਾਂਪੁਰਖ ਕੋਲ ਗਿਆ ਤੇ ਕਹਿਣ ਲੱਗਾ ਮਹਾਂਪੁਰਖੋ ਮੈਂ ਬਹੁਤ ਦੁਖੀ ਹਾਂ, ਮੇਰਾ ਕਾਰੋਬਾਰ ਠੱਪ ਹੋ ਗਿਆ ਹੈ। ਮਹਾਂਪੁਰਖਾਂ ਨੇ ਕਿਹਾ ਜਿਹੜਾ ਮੋਹਰਾਂ ਦਾ ਘੜਾ ਰੁੱਖ ਥੱਲੇ ਦੱਬ ਗਿਆ ਸੀ, ਉਹ ਲੈ ਜਾ ਤੇ ਕਾਰੋਬਾਰ ਸ਼ੁਰੂ ਕਰ। ਜਿਸ ਦਿਨ ਤੈਨੂੰ ਅਸਲ ਦੁਖ ਹੋਵੇਗਾ ਮੈਂ ਤੇਰੀ ਸਹਾਇਤਾ ਕਰਾਂਗਾ।

ਉਸਦਾ ਕਾਰੋਬਾਰ ਫਿਰ ਚੱਲ ਪਿਆ, ਦੋਸਤਾਂ, ਮਿੱਤਰਾਂ ਦੇ ਪੈਸੇ ਵੀ ਲੱਥ ਗਏ। ਹੁਣ ਇਸਦੇ ਮਾਂ-ਬਾਪ ਵੀ ਚੜ੍ਹਾਈ ਕਰ ਗਏ ਤੇ ਇਹ ਇਕੱਲਾ ਰਹਿ ਗਿਆ। ਮਾਇਆ ਦੀ ਭਾਵੇਂ ਕੋਈ ਕਮੀ ਨਹੀਂ ਪਰ ਮਨ ਫਿਰ ਵੀ ਦੁਖੀ ਹੈ। ਇਹ ਫਿਰ ਮਹਾਂਪੁਰਖਾਂ ਕੋਲ ਬੇਨਤੀ ਕਰਨ ਗਿਆ ਪਰ ਅੱਗੋਂ ਮਹਾਂਪੁਰਸ਼ ਬਚਨ ਸੁਣਾ ਰਹੇ ਸਨ ਕਿ ਜਿਨ੍ਹਾਂ ਦਾਤਾਂ ਦਾ ਸੰਬੰਧ ਦਾਤੇ ਨਾਲੋਂ ਟੁੱਟ ਜਾਂਦਾ ਹੈ, ਉਹ ਦਾਤਾਂ ਵੀ ਦੁੱਖ ਦਾ ਕਾਰਨ ਬਣ ਜਾਂਦੀਆਂ ਹਨ। ਹੁਣ ਇਸਦੇ ਮਨ ਨੂੰ ਐਸੀ ਚੋਟ ਲੱਗੀ ਕਿ ਮੇਰੇ ਮਾਂ-ਬਾਪ ਨੇ ਜੋ ਕੁਝ ਬਣਾਇਆ ਸੀ ਉਹ ਇੱਥੇ ਹੀ ਛੱਡ ਕੇ ਚਲੇ ਗਏ। ਜੇ ਮੈਂ ਇੰਨੇ ਖਲਾਰੇ ਪਾ ਰਿਹਾ ਹਾਂ, ਇਹ ਵੀ ਇੱਥੇ ਹੀ ਰਹਿ ਜਾਣਗੇ। ਮੇਰੀ ਜ਼ਿੰਦਗੀ ਦਾ ਅਸਲ ਮਨੋਰਥ ਤਾਂ ਰਹਿ ਹੀ ਗਿਆ ਹੈ। ਹੁਣ ਇਸਨੂੰ ਪ੍ਰਭੂ ਦੇ ਵਿਛੋੜੇ ਦਾ ਦੁਖ ਮਹਿਸੂਸ ਹੋਣ ਲੱਗ ਪਿਆ। ਇਸਦੀ ਹਾਲਤ ਇਵੇਂ ਹੋ ਗਈ ਜਿਵੇਂ ਵਰਖਾ ਦੀ ਬੂੰਦ ਵਾਸਤੇ ਪਪੀਹਾ ਹਰ ਖਿੰਨ-ਤਰਲੇ ਲੈਂਦਾ ਹੈ, ਇਸੇ ਤਰ੍ਹਾਂ ਹੁਣ ਪ੍ਰਭੂ ਦੇ ਦਰਸ਼ਨ ਤੋਂ ਬਿਨਾਂ ਸ਼ਾਂਤੀ ਹਾਸਲ ਨਹੀਂ ਹੁੰਦੀ। ਇਹ ਵਿਛੋੜਾ ਸਹਾਰਿਆ ਨਹੀਂ ਜਾਂਦਾ।

***ਬਾਬੀਹਾ ਖਿਨੁ ਖਿਨੁ ਬਿਲਲਾਇ ॥***
***ਬਿਨੁ ਪਿਰ ਦੇਖੇ ਨੀਂਦ ਨ ਪਾਇ ॥***
***ਇਹੁ ਵੇਛੋੜਾ ਸਹਿਆ ਨ ਜਾਇ ॥***

***(ਅੰਗ ੧੨੬੨)***

ਹੁਣ ਇਸਨੂੰ ਪਤਾ ਲੱਗ ਗਿਆ ਕਿ ਪਰਮਾਤਮਾ ਨੂੰ ਭੁੱਲ ਜਾਣਾ ਹੀ ਸਭ ਤੋਂ ਵੱਡਾ ਦੁਖ ਹੈ।

***ਦੁਖੁ ਤਦੇ ਜਾ ਵਿਸਰਿ ਜਾਵੈ ॥***

***(ਅੰਗ ੯੮)***

ਇਸ ਦੁਖ ਨੂੰ ਦੂਰ ਕਰਨ ਲਈ ਇਹ ਮਹਾਂਪੁਰਖ ਪਾਸ ਗਿਆ। ਮਹਾਂਪੁਰਖਾਂ ਨੇ ਗਲਵਕੜੀ ਵਿੱਚ ਲੈ ਕੇ ਇਸ ਨੂੰ ਪ੍ਰਭੂ ਦੇ ਨਾਮ ਨਾਲ ਜੋੜ ਦਿੱਤਾ। ਜਿਸ ਨੂੰ ਜਪ-ਜਪ ਕੇ ਇਸ ਨੂੰ ਪ੍ਰਭੂ ਦੀ ਸ਼ਰਨ ਪ੍ਰਾਪਤ ਹੋ ਗਈ ਕਿਉਂਕਿ ਚੱਕੀ ਪੀਣ ਵੇਲੇ ਜੋ ਦਾਣੇ ਕਿੱਲੀ ਨਾਲ ਲੱਗ ਜਾਂਦੇ ਹਨ, ਉਹ ਸਾਬਤ ਬਚ ਜਾਂਦੇ ਹਨ ਤਿਵੇਂ ਜੋ ਪਰਮਾਤਮਾ ਦੀ ਸ਼ਰਨ ਲੈਂਦੇ ਹਨ, ਉਹ ਕਲੇਸ਼ਾਂ ਤੋਂ ਬਚਦੇ ਹਨ।

***ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥***
***ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥੧॥***

***(ਅੰਗ ੧੪੨)***

*—ਬਾਕੀ ਹਿੱਸਾ ਪੰਨਾ 23 'ਤੇ ਪੜ੍ਹੋ ਜੀ*

ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ **'ਸਿਫਤਿ ਸਾਲਾਹ ਰਸਾਲੇ'** ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਸਵਾਲਾਂ ਨੂੰ ਵੀ ਇਸ ਕਾਲਮ ਦਾ ਹਿੱਸਾ ਬਣਾਇਆ ਜਾਂਦਾ ਹੈ ਜਿਨ੍ਹਾਂ ਰਾਹੀਂ ਸਮੇਂ-ਸਮੇਂ ਸੰਗਤਾਂ ਭਾਈ ਸਾਹਿਬ ਤੋਂ ਗੁਰਮਤਿ ਅਨੁਸਾਰ ਦੁਨਿਆਵੀ ਤੇ ਅਧਿਆਤਮਿਕ ਸੇਧ ਪ੍ਰਾਪਤ ਕਰਦੀਆਂ ਹਨ।

**22. ਸਵਾਲ: ਸਤਿਕਾਰਯੋਗ ਵੀਰ ਜੀ, ਸ਼ਰਨ ਵਿੱਚ ਰਹਿਣਾ ਕਿਸ ਨੂੰ ਕਹਿੰਦੇ ਹਨ?**

**ਜਵਾਬ:** ਸ਼ਰਨ ਵਿੱਚ ਰਹਿਣ ਦਾ ਅਰਥ ਹੈ, ਗੁਰੂ ਸਾਹਿਬ ਅੱਗੇ ਆਪਣੇ ਆਪ ਨੂੰ ਸਮਰਪਣ ਕਰ ਦੇਣਾ। ਸਮਰਪਣ ਕਿਵੇਂ ਹੋਵੇ? ਆਪਣੀ ਅੰਦਰਲੀ ਹਉਮੈ ਤਿਆਗ ਕੇ ਤੇ ਨਿਮਾਣੇ ਬਣ ਕੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਢਹਿ ਪੈਣਾ। ਅੰਮ੍ਰਿਤ ਛਕੀਏ, ਅੰਮ੍ਰਿਤ ਵੇਲਾ ਸੰਭਾਲੀਏ ਅਤੇ ਅੰਮ੍ਰਿਤ-ਮਈ ਬਾਣੀ ਨਾਲ ਜੁੜੇ ਰਹੀਏ। ਜੇਕਰ ਦੁਖ-ਸੁੱਖ ਆ ਜਾਵੇ ਤਾਂ ਹੋਰ ਬੇੜੀਆਂ ਵਿੱਚ ਪੈਰ ਨਹੀਂ ਪਾਉਣਾ ਚਾਹੀਦਾ। ਜੇਕਰ ਦੁੱਖ ਆਵੇ ਤਾਂ ਨੇਮ ਵਧਾ ਕੇ ਬੇਨਤੀਆਂ ਕਰੀਏ ਤੇ ਜੇ ਸੁੱਖ ਆਵੇ ਤਾਂ ਵੀ ਨੇਮ ਵਧਾ ਕੇ ਸ਼ੁਕਰਾਨਾ ਕਰੀਏ। ਇਸੇ ਨੂੰ ਸ਼ਰਨ ਵਿੱਚ ਰਹਿਣਾ ਕਹਿੰਦੇ ਹਨ। ਸ਼ਰਨ ਦੀ ਉਸਤਤਿ ਵਿੱਚ ਗੁਰੂ ਸਾਹਿਬ ਜੀ ਨੇ ਐਸਾ ਫ਼ਰਮਾਨ ਕੀਤਾ ਹੈ:

***ਸਰਣਿ ਪਏ ਪ੍ਰਭ ਆਪਣੇ ਗੁਰੁ ਹੋਆ ਕਿਰਪਾਲੁ ॥***
***ਸਤਗੁਰ ਕੈ ਉਪਦੇਸਿਐ ਬਿਨਸੇ ਸਰਬ ਜੰਜਾਲ ॥***

*(ਅੰਗ ੪੮)*

❑❑❑

**23. ਸਵਾਲ: ਸਤਿਕਾਰਯੋਗ ਵੀਰ ਜੀ, ਕਈ ਵਾਰ ਦੇਖਣ ਵਿੱਚ ਆਉਂਦਾ ਹੈ ਕਿ ਸੰਗਤ ਵਿੱਚ ਕਈ ਸਰੀਰ ਗੁਰੂ ਘਰ ਸੇਵਾ ਵੀ ਕਰਦੇ ਹਨ ਪਰ ਨਾਲ ਉਨਾਂ ਦੇ ਅੰਦਰ ਇਹ ਵੀ ਹੁੰਦਾ ਹੈ ਕਿ ਇਹ ਸੇਵਾ ਮੈਂ ਹੀ ਕਰਾਂ। ਹੋਰ ਕੋਈ ਨਾ ਕਰੇ। ਜਿਵੇਂ ਜੋੜੇ ਘਰ ਹੋਰ ਕਿਸੇ ਨੂੰ ਜੋੜੇ ਨਾ ਚੁੱਕਣ ਦੇਣਾ ਜਾਂ ਰੁਟੀਨ ਵਿੱਚ ਕੋਈ ਸੇਵਾ ਕਰਦਾ ਹੈ ਤੇ ਉੱਥੇ ਕਿਸੇ ਹੋਰ ਨੂੰ ਸੇਵਾ ਨਾ ਕਰਨ ਦੇਣਾ। ਕੀ ਐਸੀ ਸੇਵਾ ਪ੍ਰਵਾਨ ਹੈ?**

**ਜਵਾਬ:** ਨਹੀਂ ਭਾਈ! ਇਹ ਗੱਲ ਠੀਕ ਨਹੀਂ। ਸਿੱਖ ਨੇ ਸੇਵਾ ਖੋਹਣੀ ਨਹੀਂ, ਬਲਕਿ ਨਿਮਾਣਾ ਬਣ ਕੇ ਸੇਵਾ ਕਰਨੀ ਹੈ। ਜੇਕਰ ਤੁਹਾਡਾ ਮਨ ਉਸ ਸੇਵਾ

ਨੂੰ ਕਰ ਰਿਹਾ ਹੈ ਜਿੱਥੇ ਪਹਿਲਾਂ ਕੋਈ ਹੋਰ ਸੇਵਾਦਾਰ ਸੇਵਾ ਕਰ ਰਿਹਾ ਹੋਵੇ ਤਾਂ ਤੁਸੀਂ ਨਿਮਰਤਾ ਸਹਿਤ ਉਸ ਸੇਵਾਦਾਰ ਤੋਂ ਮੰਗ ਕੇ ਸੇਵਾ ਲੈ ਲਓ। ਇਸ ਤਰ੍ਹਾਂ ਸੇਵਾ ਕਰਨ ਨਾਲ ਗੁਰੂ ਸਾਹਿਬ ਦੀ ਖੁਸ਼ੀ ਵੀ ਮਿਲਦੀ ਹੈ ਅਤੇ ਕਿਸੇ ਦਾ ਮਨ ਵੀ ਨਹੀਂ ਦੁਖਦਾ।

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਾਨੂੰ ਵੰਡ ਛੱਕਣ ਦਾ ਉਪਦੇਸ਼ ਦਿੱਤਾ ਹੈ। ਇਸ ਤਰ੍ਹਾਂ ਸਤਿਗੁਰੂ ਜੀ ਵੱਲੋਂ ਦਰਸਾਏ ਮਾਰਗ ਅਨੁਸਾਰ ਵੰਡ ਕੇ ਸੇਵਾ ਕਰਨੀ ਚਾਹੀਦੀ ਹੈ। ਜੇਕਰ ਅਸੀਂ ਜੋੜੇ ਘਰ ਵਿੱਚ ਸੇਵਾ ਕਰ ਰਹੇ ਹਾਂ ਜਾਂ ਕੋਈ ਹੋਰ ਸੇਵਾ ਕਰ ਰਹੇ ਹਾਂ ਜਿੱਥੇ ਸੇਵਾ ਕਰਨ ਵਾਲੀ ਸੰਗਤ ਬਹੁਤ ਜ਼ਿਆਦਾ ਹੈ ਤਾਂ ਬਕਾਇਦਾ ਲਾਈਨ ਬਣਾ ਕੇ ਸੰਜਮ ਨਾਲ ਸੇਵਾ ਕੀਤੀ ਜਾਵੇ। ਹੋਰ ਸੇਵਾਦਾਰਾਂ ਨੂੰ ਨਜ਼ਰ ਅੰਦਾਜ਼ ਕਰਕੇ ਆਪ ਹੀ ਅੱਗੇ ਅੱਗੇ ਹੋ ਕੇ ਸੇਵਾ ਕਰੀ ਜਾਣ ਨਾਲ ਗੁਰੂ ਸਾਹਿਬ ਦੀ ਪ੍ਰਸੰਨਤਾ ਨਹੀਂ ਮਿਲਦੀ। ਗੁਰੂ ਘਰ ਵਿੱਚ ਅਨੇਕਾਂ ਪ੍ਰਕਾਰ ਦੀਆਂ ਸੇਵਾਵਾਂ ਕੀਤੀਆਂ ਜਾ ਸਕਦੀਆਂ ਹਨ ਅਤੇ ਕਈ ਵਾਰ ਗੁਰੂ ਘਰ ਸੇਵਾ ਲੱਭਣੀ ਵੀ ਪੈਂਦੀ ਹੈ। ਜਿਵੇਂ ਵਿੱਠਾਂ ਸਾਫ ਕਰਨੀਆਂ, ਲਿਫਾਫਿਆਂ ਦੀ ਸੇਵਾ, ਤੌਲੀਆ ਲਗਾਉਣਾ, ਬੂਹੇ-ਬਾਰੀਆਂ ਸਾਫ ਕਰਨੀਆਂ, ਜਾਲੇ ਸਾਫ ਕਰਨੇ, ਬਾਥਰੂਮ ਚੰਗੀ ਤਰ੍ਹਾਂ ਧੋਣੇ, ਜੋੜੇ ਪਾਲਿਸ਼ ਕਰਨੇ ਆਦਿ ਪਰ ਅਸੀਂ ਹਰ ਸੇਵਾ ਨੂੰ ਨਿਮਾਣੇ ਬਣ ਕੇ ਕਰਨਾ ਹੈ। ਗੁਰਬਾਣੀ ਸਾਨੂੰ ਸੁਮੱਤ ਬਖਸ਼ਦੀ ਹੈ:

***ਐਸੀ ਸੇਵਕੁ ਸੇਵਾ ਕਰੈ ॥***

***ਜਿਸ ਕਾ ਜੀਉ ਤਿਸੁ ਆਗੈ ਧਰੈ ॥***

*(ਅੰਗ ੬੬੧)*

❑❑❑

**24. ਸਵਾਲ: ਸਤਿਕਾਰਯੋਗ ਵੀਰ ਜੀ, ਮੈਂ ਜਦੋਂ ਵੀ ਪਾਠ ਕਰਨਾ ਸ਼ੁਰੂ ਕਰਦੀ ਹਾਂ ਤਾਂ ਮੈਨੂੰ ਪਤਾ ਨਹੀਂ ਚੱਲਦਾ ਕਿ ਮੈਂ ਪਾਠ ਕਦੋਂ ਸ਼ੁਰੂ ਕੀਤਾ ਤੇ ਕਦੋਂ ਸਮਾਪਤੀ ਹੋ ਗਈ? ਫਿਰ ਸੋਚਦੀ ਹਾਂ ਕਿ ਇਸ ਤਰ੍ਹਾਂ ਪਾਠ ਕਰਨ ਦਾ ਕੀ ਫਾਇਦਾ ਹੈ? ਇਸ ਤੋਂ ਚੰਗਾ ਹੈ ਕਿ ਮੈਂ ਪਾਠ ਨਾ ਹੀ ਕਰਾਂ।**

**ਜਵਾਬ:** ਇਹ ਮਨੁੱਖੀ ਜਾਮਾ ਸਾਨੂੰ ਕਈ ਜੂਨਾਂ ਉਪਰੰਤ ਮਿਲਿਆ ਹੈ, ਜਿਸ ਕਰਕੇ ਸਾਡੇ ਪਿਛਲੇ ਕਈ ਜਨਮਾਂ ਦੇ ਪਾਪ ਪੁੰਨ ਨਾਲ ਹੀ ਚੱਲ ਰਹੇ ਹਨ। ਜਦੋਂ ਅਸੀਂ ਪਾਠ ਕਰਨ ਬੈਠਦੇ ਹਾਂ ਤਾਂ ਗੁਰਬਾਣੀ ਸਭ ਤੋਂ ਪਹਿਲਾਂ ਸਾਡੇ ਪਿਛਲੇ ਪਾਪ-ਕਰਮਾਂ ਨੂੰ ਕੱਟਦੀ ਹੈ, ਜਿਸ ਕਰਕੇ ਸਾਡਾ ਮਨ ਗੁਰਬਾਣੀ ਵਿੱਚ ਨਹੀਂ ਲੱਗਦਾ, ਪਰ ਸਿੱਖ ਨੇ ਕਦੀ ਵੀ ਬਾਣੀ ਪੜ੍ਹਨੀ ਨਹੀਂ ਛੱਡਣੀ, ਭਾਵੇਂ ਮਨ ਲੱਗੇ ਜਾਂ ਨਾ ਲੱਗੇ। ਗੁਰਬਾਣੀ ਪੜ੍ਹਦਿਆਂ-ਪੜ੍ਹਦਿਆਂ ਜਿਵੇਂ ਜਿਵੇਂ ਪੁੰਨਾਂ ਦੀ ਤਹਿ ਉੱਚੀ ਹੁੰਦੀ ਜਾਂਦੀ ਹੈ ਤਾਂ ਮਨ ਜੁੜਨਾ ਸ਼ੁਰੂ ਹੋ ਜਾਂਦਾ ਹੈ।

ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਅੱਗ ਦਾ ਕੰਮ ਹੈ ਸਾੜਨਾ। ਭਾਵੇਂ ਅੱਗ ਵਿੱਚ ਕੋਈ ਚੀਜ਼ ਪੁੱਠੀ ਸੁੱਟ ਦਿਓ ਤੇ ਭਾਵੇਂ ਸਿੱਧੀ ਸੁੱਟ ਦਿਓ, ਅੱਗ ਨੇ ਸਾੜ ਹੀ ਦੇਣਾ ਹੈ। ਇਸ ਤਰ੍ਹਾਂ ਗੁਰਬਾਣੀ ਦਾ ਕੰਮ ਹੈ, ਪਾਪਾਂ ਨੂੰ ਸਾੜਨਾ। ਭਾਵੇਂ ਮਨ ਜੁੜੇ ਜਾਂ ਨਾ ਜੁੜੇ ਪਰ ਗੁਰਬਾਣੀ ਪੜ੍ਹਨੀ ਨਹੀਂ ਛੱਡਣੀ।

ਭਾਈ ਵੀਰ ਸਿੰਘ ਜੀ ਦਾ ਬਚਨ ਹੈ ਕਿ ਗੁਰਬਾਣੀ ਜਿੱਥੇ ਧੁਰ ਤੋਂ ਆਈ ਹੈ, ਉੱਥੇ ਗੁਰੂ ਸਾਹਿਬ ਦੇ ਮੁੱਖ ਵਿੱਚੋਂ ਹੋ ਕੇ ਆਈ ਹੈ। ਇਸ ਕਰਕੇ ਇਸ ਅੰਮ੍ਰਿਤ ਬਾਣੀ ਨੇ ਸਾਡੇ ਪਾਪ ਕਰਮਾਂ ਨੂੰ ਕੱਟ ਕੇ ਆਪਣੇ ਆਪ ਸਾਡਾ ਮਨ ਗੁਰੂ ਦੇ ਚਰਨਾਂ ਨਾਲ ਜੋੜ ਦੇਣਾ ਹੈ। ਗੁਰਬਾਣੀ ਦਾ ਉਪਦੇਸ਼ ਹੈ:

***ਗੁਰਬਾਣੀ ਸੁਣਿ ਮੈਲੁ ਗਵਾਏ ॥***

***ਸਹਜੇ ਹਰਿ ਨਾਮੁ ਮੰਨਿ ਵਸਾਏ ॥੧॥***

*(ਅੰਗ ੬੬੫)*

❑❑❑



# ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ
# ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸ਼ਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਸੰਤਨ ਅਵਰ ਨ ਕਾਹੂ ਜਾਨੀ ॥***
***ਬੇਪਰਵਾਹ ਸਦਾ ਰੰਗਿ ਹਰਿ ਕੈ***
***ਜਾ ਕੋ ਪਾਖੁ ਸੁਆਮੀ ॥ ਰਹਾਉ ॥***

*(ਅੰਗ ੭੧੧)*

ਸੰਤ ਜਨ ਹੋਰ ਕਿਸੇ ਗੱਲ ਨਾਲ ਵਾਸਤਾ ਨਹੀਂ ਰੱਖਦੇ, ਹਮੇਸ਼ਾਂ ਪਰਮੇਸ਼ਰ ਦੇ ਰੰਗ ਵਿੱਚ ਰੱਤੇ ਰਹਿੰਦੇ ਹਨ। ਰੰਗ-ਰੱਤੜਿਆਂ ਦੀ ਅੰਦਰਲੀ ਖੇਡ ਇੱਕੋ ਹੀ ਹੁੰਦੀ ਹੈ, ਬਾਹਰਲੀ ਕਿਰਿਆ ਵਿੱਚ ਭੇਦ ਹੋ ਸਕਦੇ ਹਨ। ਇਸੇ ਕਰਕੇ ਸੰਤ ਦੀ ਪਛਾਣ ਕਰਨੀ ਔਖੀ ਹੁੰਦੀ ਹੈ। ਲੋਕ ਬਾਹਰਲੀ ਖੇਡ ਦੇਖਦੇ ਹਨ, ਅੰਦਰਲੀ ਅਵਸਥਾ ਦਾ ਭੇਦ ਕੌਣ ਪਾਵੇ।

***ਕਿਸੇ ਰਾਹ ਬਿਰਕਤ ਅਪਨਾਇਆ ਏ,***
***ਕਿਸੇ ਰਾਜ ਜੋਗ ਕਮਾਇਆ ਏ,***
***ਕੋਈ ਹੋ ਮਸਤਾਨਾ ਘੁੰਮਦਾ ਏ,***
***ਤੇ ਚਰਨ ਕਮਲ ਨੂੰ ਚੁੰਮਦਾ ਏ।***

ਸ੍ਰੀਮਾਨ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਅਤਿਅੰਤ ਉੱਚ ਕੋਟੀ ਦੇ ਮਹਾਤਮਾ ਹੋਏ ਹਨ। ਆਪ ਜੀ ਤੋਂ ਇੱਕ ਸੌ ਇੱਕ ਬ੍ਰਹਮ ਗਿਆਨੀ ਮਹਾਂਪੁਰਖ ਵਰੋਸਾਏ ਗਏ। ਅੰਗਰੇਜ਼ ਅਤੇ ਇਲਾਕੇ ਦੇ ਪਠਾਨ ਵੀ ਬਾਬਾ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਅਸਥਾਨ ਦਾ ਨਾਂ ਕਰਮਸਰ ਆਪ ਜੀ ਦੀ ਯਾਦ ਵਿੱਚ ਹੀ ਰੱਖਿਆ ਹੈ।

ਹੋਤੀ ਮਰਦਾਨ ਵਾਲੇ ਮਹਾਂਪੁਰਖਾਂ ਤੋਂ ਵਰੋਸਾਏ ਮਹਾਂਪੁਰਖਾਂ ਵਿੱਚੋਂ ਇੱਕ ਸਨ- ਬਾਬਾ ਬੇਅੰਤ ਸਿੰਘ ਜੀ। ਬਾਬਾ ਬੇਅੰਤ ਸਿੰਘ ਜੀ ਬਿਰਕਤ ਸਨ। ਇਸ ਕਰਕੇ ਬਾਬਾ ਜੀ ਨੂੰ ਬਾਬਾ ਬੇਅੰਤ ਸਿੰਘ 'ਅਵਧੂਤ' ਕਿਹਾ ਜਾਂਦਾ ਹੈ। ਬਿਰਕਤ ਜਾਂ ਅਵਧੂਤ ਤੋਂ ਭਾਵ ਹੁੰਦਾ ਹੈ ਤਿਆਗੀ। ਉਂਝ ਤਾਂ ਸਾਰੇ ਹੀ ਮਹਾਂਪੁਰਖ ਤਿਆਗੀ ਹੁੰਦੇ ਹਨ। ਉਨ੍ਹਾਂ ਨੇ 'ਮੈਂ' ਤਿਆਗ ਦਿੱਤੀ ਹੁੰਦੀ ਹੈ, ਪਰ ਬਾਹਰਲੀ ਕਿਰਿਆ ਵਿੱਚ ਤਿਆਗੀ ਨੂੰ ਅਵਧੂਤ ਕਿਹਾ ਜਾਂਦਾ ਹੈ।

ਬਾਬਾ ਬੇਅੰਤ ਸਿੰਘ ਜੀ ਆਪਣੀ ਮੌਜ ਅਨੁਸਾਰ ਵਿਚਰਦੇ ਹੋਏ ਕਰਮਸਰ ਰਾੜਾ ਸਾਹਿਬ ਵੱਲ ਆ ਗਏ। ਨਹਿਰ ਤੇ ਇਕਾਂਤ ਅਸਥਾਨ ਤੇ ਆਸਣ ਲਾ ਲਿਆ। ਕੋਲੋਂ ਲੰਘਦਾ ਕੋਈ ਪ੍ਰੇਮੀ ਦਰਸ਼ਨ ਕਰਨ ਆਉਂਦਾ ਤਾਂ ਉਸ ਨੂੰ ਗੁਰਬਾਣੀ ਪੜ੍ਹਨ ਲਈ ਪ੍ਰੇਰਦੇ। ਉਸ ਰਾਤ ਵੀ ਆਸਣ ਉੱਥੇ ਹੀ ਰੱਖਿਆ। ਅਗਲੇ ਦਿਨ ਦੁਪਹਿਰ ਸਮੇਂ ਕਰਮਸਰ ਅਸਥਾਨ ਤੇ ਆ ਗਏ। ਉਸ ਵੇਲੇ ਰੋਜ਼ ਦੀ ਤਰ੍ਹਾਂ ਰਾੜਾ ਸਾਹਿਬ ਵਾਲੇ ਮਹਾਂਪੁਰਖ ਕੁਝ ਸਮੇਂ ਲਈ ਅਰਾਮ ਕਰ ਰਹੇ ਸਨ। ਬਾਬਾ ਬੇਅੰਤ ਸਿੰਘ ਜੀ ਭੋਰੇ ਵਿੱਚ ਆ ਗਏ। ਉਸ ਵੇਲੇ ਕੋਈ ਪਹਿਰੇ ਤੇ ਨਹੀਂ ਸੀ। ਦਰਵਾਜ਼ੇ ਵੀ ਖੁੱਲ੍ਹੇ ਸਨ। ਇਹ ਕੀ ਖੇਡ ਸੀ ਮਹਾਂਪੁਰਖ ਜਾਨਣ। ਪਹਿਰੇ ਮਨਮੁਖਾਂ ਲਈ ਹੁੰਦੇ ਹਨ। ਗੁਰਮੁਖ ਤਾਂ ਸਰੀਰ ਕਰਕੇ ਜਾਂ ਭਾਵਨਾ ਕਰਕੇ ਪਹੁੰਚ ਹੀ ਜਾਂਦਾ ਹੈ।

ਬਾਬਾ ਬੇਅੰਤ ਸਿੰਘ ਜੀ ਉੱਪਰਲੀ ਮੰਜ਼ਿਲ ਤੇ ਚਲੇ ਗਏ ਫਿਰ ਪੌੜੀਆਂ ਉੱਤਰੇ, ਉਪਰੰਤ ਹੇਠਾਂ ਭੋਰੇ ਵਿੱਚ ਚਲੇ ਗਏ ਜਿੱਥੇ ਮਹਾਂਪੁਰਖ ਅਰਾਮ ਕਰ ਰਹੇ ਸਨ।

"ਉੱਠ ਸਾਧਾ ਇੱਥੇ ਪਿਆ ਐਂ।" ਬਾਬਾ ਬੇਅੰਤ ਸਿੰਘ ਜੀ ਨੇ ਮਹਾਂਪੁਰਖਾਂ ਨੂੰ ਕਿਹਾ, "ਅਸੀਂ ਜੰਗਲਾਂ-ਰੋਹੀਆਂ ਵਿੱਚ ਰੁਲਦੇ ਹਾਂ, ਤੂੰ ਡੇਰੇ ਦਾ ਮਾਲਕ ਬਣਿਆ ਬੈਠਾ ਐ। ਦੁਨੀਆਂ ਨੂੰ ਲੁੱਟ ਕੇ ਮਗਰ ਲਾ ਲਿਆ ਐ।"

ਮਹਾਂਪੁਰਖ ਝੱਟ ਪਲੰਘ ਤੋਂ ਉੱਠੇ ਅਤੇ ਬਚਨ ਕੀਤਾ, "ਆਓ ਮਹਾਂਪੁਰਖੋ! ਬਿਰਾਜੋ... ਅਸੀਂ ਤਾਂ ਹੋਰ ਕਿਸੇ ਨੂੰ ਨਹੀਂ ਲੁੱਟਿਆ, ਇੱਕ ਰੱਬ ਨੂੰ ਲੁੱਟਿਆ ਹੈ।"

ਬਾਬਾ ਬੇਅੰਤ ਸਿੰਘ ਜੀ ਪਲੰਘ ਉੱਪਰ ਲੰਮੇ ਪੈ ਗਏ। ਆਪ ਜੀ ਦੇ ਚਰਨਾਂ ਨੂੰ ਕੁਝ ਗਾਰਾ ਵੀ ਲੱਗਾ ਸੀ, ਮੁਸਕਰਾ ਕੇ ਬਚਨ ਕੀਤਾ, "ਰੱਬ ਨੂੰ ਕਿਉਂ ਲੁੱਟਿਆ, ਗੁਰ-ਪੀਰਾਂ ਨੂੰ ਵੀ ਲੁੱਟਿਆ ਐ। ਢਾਈ ਸਾਲ ਰੇਰੂ ਸਾਹਿਬ ਸੇਵਾ ਕਰ ਕੇ ਹੋਤੀ ਮਰਦਾਨ ਦਾ ਸਾਰਾ ਜਪ-ਤਪ ਲੁੱਟ ਲਿਆਂਦਾ।"

ਮਹਾਂਪੁਰਖਾਂ ਦੀ ਬਾਹਰਲੀ ਕਿਰਿਆ ਕਿੰਨੀ ਵੀ ਅਨੋਖੀ ਕਿਉਂ ਨਾ ਜਾਪੇ, ਹਿਰਦਾ ਪ੍ਰੇਮ ਦਾ ਸਮੁੰਦਰ ਹੁੰਦਾ ਹੈ, ਪਰ ਹੋਵੇ ਮਹਾਂਪੁਰਖ।

ਇੱਕ ਵਾਰ ਰਾੜਾ ਸਾਹਿਬ ਵਾਲੇ ਮਹਾਂਪੁਰਖ ਜਗੇੜੇ ਪਿੰਡ ਗਏ। ਗੁਰਦੁਆਰਾ ਸਾਹਿਬ ਦੀਵਾਨ ਸੀ। ਆਪ ਜੀ ਘੋੜੇ ਤੇ ਗਏ ਸਨ। ਜਿਸ ਵੇਲੇ ਨਹਿਰ ਤੋਂ ਜਗੇੜੇ ਵਾਲਾ ਮੋੜ ਮੁੜੇ ਨਹਿਰ ਦੇ ਪੁਲ ਤੇ ਬੈਠੇ ਤੋਤਾ ਪੁਰੀ ਨਾਮ ਦੇ ਫੱਕਰ ਸਾਧੂ ਘੋੜੇ ਦੇ ਪਿੱਛੇ-ਪਿੱਛੇ ਭੱਜੇ ਆਏ। ਸੰਤ ਜੀ ਨੇ ਬਸਤਰ ਤਿਆਗੇ ਹੋਏ ਸਨ। ਮਹਾਂਪੁਰਖ ਗੁਰਦੁਆਰਾ ਸਾਹਿਬ ਚਲੇ ਗਏ, ਸੰਤ ਜੀ ਪਿੱਛੇ ਹੀ ਰੁਕ ਕੇ ਦੇਖਦੇ ਰਹੇ। ਕੁਝ ਸਮੇਂ ਬਾਅਦ ਬਚਨ ਕੀਤਾ, "ਹੁਣ ਤਾਂ ਆ ਜਾਓ, ਬੜਾ ਚਿਰ ਹੋ ਗਿਆ ਉਡੀਕਦਿਆਂ।"

ਮਹਾਂਪੁਰਖ ਉਸੇ ਵੇਲੇ ਬਾਹਰ ਆਏ। ਦੋਨਾਂ ਮਹਾਂਪੁਰਖਾਂ ਨੇ ਇੱਕ ਦੂਸਰੇ ਦਾ ਸਤਿਕਾਰ ਕੀਤਾ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਬਚਨ ਕੀਤਾ, "ਕੀ ਗੱਲ ਸੰਤ ਜੀ! ਕਿਰਿਆ ਕਿਉਂ ਵਿਗਾੜ ਲਈ?"

"ਸਭ ਕੁਝ ਜਾਣ ਕੇ ਵੀ ਪੁੱਛਦੇ ਹੋ!" ਸੰਤ ਜੀ ਨੇ ਕਿਹਾ, "ਮੈਂ ਤਾਂ ਮੱਖੀਆਂ ਤੋਂ ਬਚਣ ਲਈ ਝੱਲਾ ਬਣਿਆ ਫਿਰਦਾ ਹਾਂ। ਤੁਸੀਂ ਪੂਰਨ ਸੂਰਬੀਰ ਬਲੀ ਹੋ ਜੋ ਜੜ੍ਹ ਅਤੇ ਚੇਤਨ ਮਾਇਆ ਨੂੰ ਚਰਨਾਂ ਹੇਠ ਲਿਤਾੜ ਕੇ ਕਾਬੂ ਕੀਤਾ ਹੋਇਆ ਹੈ। ਅਸੀਂ ਤਾਂ ਮਾਇਆ ਤੋਂ ਡਰਦੇ ਭੱਜ ਨਿਕਲੇ। ਤੁਸੀਂ ਇਹਦੇ ਦੰਦ ਕੱਢ ਦਿੱਤੇ ਹੋਏ ਨੇ।"

ਸੰਤ ਜੀ ਦਾ ਭਾਵ ਸੀ ਕਿ ਸੰਸਾਰੀ ਲੋਕ ਜਦ ਸੰਸਾਰੀ ਮੰਗਾਂ ਲੈ ਕੇ ਆਉਂਦੇ ਨੇ ਤਾਂ ਮੱਖੀ ਰੂਪ ਹੁੰਦੇ ਹਨ ਜੋ ਆਤਮ ਰਸ ਵਿੱਚ ਵਿਘਨਕਾਰੀ ਹੁੰਦੇ ਹਨ। ਕੁਝ ਸਮਾਂ ਦੋਨੇਂ ਮਹਾਂਪੁਰਖ ਪਰਮਾਰਥਕ ਗੁਹਜ ਬਚਨ ਕਰਦੇ ਰਹੇ ਫਿਰ ਸੰਤ ਤੋਤਾ ਪੁਰੀ ਜੀ ਉਸੇ ਤਰ੍ਹਾਂ ਭੱਜਦੇ ਹੋਏ ਚਲੇ ਗਏ ਜਿਵੇਂ ਆਏ ਸੀ।

ਬਾਬਾ ਬੇਅੰਤ ਸਿੰਘ ਜੀ ਪਲੰਘ ਉੱਪਰ ਲੰਮੇ ਪਏ ਸਨ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਬਚਨ ਕੀਤਾ, "ਮਹਾਂਪੁਰਖੋ! ਅਸੀਂ ਤਾਂ ਚਾਹੁੰਦੇ ਹਾਂ ਕੋਈ ਸੰਭਾਲਣ ਵਾਲਾ ਆਵੇ। ਆਪ ਜੀ ਨੇ ਬੜੀ ਕਿਰਪਾ ਕੀਤੀ ਆ ਕੇ ਦਰਸ਼ਨ ਦਿੱਤੇ ਹਨ। ਇਹ ਅਸਥਾਨ ਆਪ ਜੀ ਸੰਭਾਲੋ।"

ਬਚਨ ਕਰਕੇ ਬਾਬਾ ਜੀ ਪੌੜੀਆਂ ਚੜ੍ਹਨ ਲੱਗੇ। ਬਾਬਾ ਬੇਅੰਤ ਸਿੰਘ ਜੀ ਮੁਸਕਰਾਉਂਦੇ ਹੋਏ ਦੇਖ ਰਹੇ ਸਨ। ਪਕੜ ਨਾ ਹੋਣਾ, ਬਹੁਤ ਔਖੀ ਖੇਡ ਹੈ। ਅਸਥਾਨ ਭਾਵੇਂ ਵੱਡਾ ਹੋਵੇ ਭਾਵੇਂ ਛੋਟਾ, ਮਨ ਵਿੱਚ ਹੰਗਤਾ ਹੋਵੇ ਤਾਂ ਪਕੜ ਜ਼ਰੂਰ ਹੁੰਦੀ ਹੈ। ਇਸ

ਤਰ੍ਹਾਂ ਛੱਡ ਕੇ ਤੁਰ ਪੈਣਾ ਉੱਥੇ ਹੀ ਹੁੰਦਾ ਹੈ ਜਿੱਥੇ ਹੰਗਤਾਂ ਰਾਈ ਮਾਤਰ ਵੀ ਨਾ ਹੋਵੇ, ਨਹੀਂ ਤਾਂ ਮਲੀਕਾ ਵਰਤ ਲਿਆ ਜਾਂਦਾ ਹੈ ਕਿ 'ਆਪ ਜੀ ਵੀ ਇੱਥੇ ਹੀ ਬਿਰਾਜੋ।' ਆਪਣੇ ਰਹਿਣ ਵਾਲੀ ਗੱਲ ਪਹਿਲਾਂ ਹੁੰਦੀ ਹੈ।

ਜਿਸ ਵੇਲੇ ਬਾਬਾ ਜੀ ਪੌੜੀਆਂ ਚੜ੍ਹ ਕੇ ਵਿਚਕਾਰਲੇ ਕਮਰੇ ਵਿੱਚ ਪਹੁੰਚਣ ਵਾਲੇ ਸਨ, ਬਾਬਾ ਬੇਅੰਤ ਸਿੰਘ ਜੀ ਕਾਹਲੀ ਨਾਲ ਪੌੜੀਆਂ ਚੜ੍ਹਦੇ ਹੋਏ ਉੱਪਰ ਆਏ ਅਤੇ ਬਾਬਾ ਜੀ ਨੂੰ ਬੁੱਕਲ ਵਿੱਚ ਲੈ ਲਿਆ। ਬੁੱਕਲ ਵਿੱਚ ਲੈ ਕੇ ਬਚਨ ਕੀਤਾ, "ਉਹੇ ਜਿਹਾ ਹੀ ਦੇਖਿਆ ਜਿਹੋ ਜਿਹਾ ਸੁਣਿਆ ਸੀ। ਜਿਵੇਂ ਸੁਣਿਆ ਸੀ ਉਵੇਂ ਹੀ ਦੇਖਿਆ। ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਇਹੋ ਜਿਹੇ ਨਿਰਇੱਛਤ ਹੀਰੇ ਪੈਦਾ ਕੀਤੇ।"

ਬਾਬਾ ਬੇਅੰਤ ਸਿੰਘ ਜੀ ਦੇ ਨੇਤਰਾਂ ਵਿੱਚ ਪ੍ਰੇਮ ਦਾ ਜਲ ਸੀ। ਬਾਬਾ ਜੀ ਨੂੰ ਪੌੜੀਆਂ ਤੋਂ ਹੇਠਾਂ ਲਿਆ ਕੇ ਬਾਬਾ ਬੇਅੰਤ ਸਿੰਘ ਜੀ ਨੇ ਪਲੰਘ ਉੱਪਰ ਬਿਠਾਉਂਦਿਆਂ ਹੋਇਆ ਬਚਨ ਕੀਤਾ, "ਇਨ੍ਹਾਂ ਸਿੰਘਾਸਣਾਂ ਨੂੰ ਸੰਭਾਲਣ ਦੀ ਸਮਰੱਥਾ ਤੁਹਾਡੇ ਵਿੱਚ ਹੀ ਐ। ਅਸੀਂ ਇਸ ਲਾਇਕ ਨਹੀਂ। ਇਹ ਸਾਰੀ ਕਿਰਪਾ ਤੁਹਾਡੇ ਤੇ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਹੈ। ਉਨ੍ਹਾਂ ਵੱਲੋਂ ਤੁਹਾਡੀ ਹੀ ਡਿਊਟੀ ਲੱਗੀ ਹੈ। ਤੁਸੀਂ ਸੰਸਾਰ ਤੇ ਪਰਉਪਕਾਰ ਕਰਨੇ ਹਨ। ਮੈਨੂੰ ਬਹੁਤ ਸਮਾਂ ਹੋਤੀ ਮਰਦਾਨ ਰਹਿ ਕੇ ਬਾਬਾ ਕਰਮ ਸਿੰਘ ਜੀ ਦੇ ਖੁੱਲ੍ਹੇ ਦਰਸ਼ਨ ਦੀਦਾਰ ਦਾ ਸੁਭਾਗ ਪ੍ਰਾਪਤ ਹੋਇਆ ਹੈ। ਤੁਹਾਡਾ ਚਿਹਰਾ-ਮੋਹਰਾ, ਚਿਹਨ ਚੱਕਰ ਹੂ-ਬ-ਹੂ ਉਨ੍ਹਾਂ ਨਾਲ ਮਿਲਦਾ ਹੈ।" ਬਾਬਾ ਬੇਅੰਤ ਸਿੰਘ ਜੀ ਬਹੁਤ ਪਿਆਰ ਵਿੱਚ ਬਚਨ ਕਰ ਰਹੇ ਸਨ।

ਸ੍ਰੀਮਾਨ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਬਚਨ ਸ਼ੁਰੂ ਹੋਏ ਸਨ ਤਾਂ ਬਹੁਤ ਸਮਾਂ ਦੋਨਾਂ ਮਹਾਂਪੁਰਖਾਂ ਵਿੱਚ ਬਾਬਾ ਕਰਮ ਸਿੰਘ ਜੀ ਦੇ ਮਿੱਠੇ-ਨਿੱਘੇ ਪ੍ਰੇਮ ਭਰੇ ਬਚਨ ਹੁੰਦੇ ਰਹੇ।

ਜਲ ਪਾਣੀ ਛਕਾਉਣ ਉਪਰੰਤ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਕੁਝ ਦਿਨ ਅਸਥਾਨ ਤੇ ਰੁੱਕਣ ਦਾ ਬਚਨ ਕੀਤਾ।

"ਅਸੀਂ ਇਕਾਂਤ ਵਿੱਚ ਹੀ ਰਹਿ ਕੇ ਖੁਸ਼ ਹਾਂ। ਤੁਹਾਡੇ ਦਰਸ਼ਨ ਕਰਨ ਆਏ ਸੀ। ਲੋਕੀ ਕਹਿੰਦੇ ਸਨ, ਉਨ੍ਹਾਂ ਦੇ ਤਾਂ ਦਰਸ਼ਨ ਨਹੀਂ ਹੁੰਦੇ। ਭੋਰੇ ਦੇ ਫਾਟਕਾਂ ਨੂੰ ਜਿੰਦਰੇ ਲੱਗੇ ਹੁੰਦੇ ਨੇ। ਪਹਿਰੇਦਾਰ ਹੁੰਦੇ ਹਨ। ਅਸੀਂ ਕਿਹਾ ਇਹ ਦੁਨੀਆਦਾਰ ਲੋਕਾਂ ਵਾਸਤੇ ਹੈ। ਸਾਨੂੰ ਕੋਈ ਰੋਕ ਨਹੀਂ ਹੁੰਦੀ।"

ਬਾਬਾ ਬੇਅੰਤ ਸਿੰਘ ਜੀ ਅਵਧੂਤ ਉੱਥੋਂ ਚਲੇ ਗਏ ਅਤੇ ਮੌਜ ਅਨੁਸਾਰ ਵਿਚਰਨ ਲੱਗੇ।

❑❑❑

---

*ਪੰਨਾ 18 ਦਾ ਬਾਕੀ ਹਿੱਸਾ—*

ਬੰਦਾ ਦੁਨਿਆਵੀ ਬੇੜੀ ਵਿੱਚ ਬੈਠਦਾ ਹੈ ਮਲਾਹ ਕੰਢੇ ਤੱਕ ਅਪੜਾ ਦਿੰਦਾ ਹੈ। ਬੰਦੇ ਨੂੰ ਉਸਦੇ ਘਰ ਛੱਡ ਕੇ ਨਹੀਂ ਆਉਂਦਾ ਪਰ ਗੁਰੂ ਦੀ ਸ਼ਰਨ ਵਿੱਚ ਆ ਕੇ ਜਿਹੜਾ ਨਾਮ ਦੀ ਬੇੜੀ ਵਿੱਚ ਬੈਠ ਜਾਂਦਾ ਹੈ। ਨਾਮ ਉਸਨੂੰ ਅਸਲੀ ਘਰ ਸੱਚਖੰਡ ਵਿੱਚ ਪੁਚਾ ਦਿੰਦਾ ਹੈ। ਇਸ ਲਈ ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਕਹਿੰਦੇ ਹਨ ਜੇ ਤੂੰ ਸਦਾ ਸੁਖ ਨੂੰ ਚਾਹੁੰਦਾ ਹੈ ਤਾਂ ਪਰਮਾਤਮਾ ਦੀ ਸ਼ਰਨ ਵਿੱਚ ਆ ਜਾ। ਇਹ ਮਨੁੱਖਾ ਦੇਹੀ ਦੁਰਲੱਭ ਹੈ।

***—ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ***

❑❑❑

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ
ਭਾਈ ਗੁਰਇਕਬਾਲ ਸਿੰਘ ਜੀ
ਦੀਆਂ ਕੀਰਤਨ ਵਿਚਾਰਾਂ
ਵਿੱਚੋਂ ਬਚਨ

## ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 52 ਬਚਨਾਂ ਵਿੱਚੋਂ 24ਵਾਂ ਬਚਨ (ਸ਼ੁੱਭ ਕਰਮ ਕਰਦੇ ਰਹਿਣਾ)

ਲੜੀ ਜੋੜਨ ਲਈ
ਪਿਛਲਾ ਅੰਕ
ਦੇਖੋ ਜੀ :-

530

—ਸੰਪਾਦਕ

4. ਸ਼ੁੱਭ ਕਰਮ ਕਰਨ ਵਾਲਾ ਦੋਜਕ (ਨਰਕ) ਦੀ ਅੱਗ ਤੋਂ ਬਚ ਜਾਂਦਾ ਹੈ।

5. ਸ਼ੁੱਭ ਕਰਮ ਕਰਨ ਨਾਲ ਕਰਮਾਂ ਦੇ ਦੁਖ ਸੂਲੀ ਤੋਂ ਕੰਡੇ ਬਣ ਜਾਂਦੇ ਹਨ।

6. ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥
(ਅੰਗ ੬੨)

ਅਰਥ : ਹਰ ਸ਼ੈਅ ਸੱਚ ਦੇ ਹੇਠਾਂ ਹੈ, ਸ਼ੁੱਭ ਕਰਮ ਕਰਨ ਵਾਲਾ ਸਮੂੰਹ ਤੋਂ ਉੱਚਾ ਹੈ।

# ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਗਾਈ

**ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ (VCD 9)**

*—ਜਸਵਿੰਦਰ ਸਿੰਘ (ਪਟਿਆਲਾ)*

ਸੰਗਤ ਜੀ, ਪਿਆਰ ਨਾਲ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ। ਅਤਿ ਦੀ ਨਾਮ ਦੀ ਕਮਾਈ ਕਰਨ ਵਾਲੇ ਬਾਬਾ ਨੰਦ ਸਿੰਘ ਜੀ ਦਾ ਬਚਨ ਹੈ। ਕਹਿੰਦੇ, ਪੂਰਨਮਾਸ਼ੀ ਵਾਲੇ ਦਿਨ, ਪੂਰਨਮਾਸ਼ੀ ਦੀ ਸੰਧਿਆ, ਪੂਰਨਮਾਸ਼ੀ ਦੀ ਰਾਤ, ਕਿਤੇ ਭਿੱਜ ਕੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਫਤ ਕਰ ਲਈਏ, ਸਾਰੇ ਮਹੀਨੇ ਦਾ ਮਹਾਤਮ ਵਿੱਚੇ ਆ ਜਾਂਦਾ ਹੈ। ਇਹ ਬਾਬਾ ਜੀ ਦਾ ਬਚਨ ਹੈ, ਜਿਸ ਦਿਨ ਮਹਾਰਾਜ ਜੀ ਦਾ ਆਗਮਨ ਹੋਇਆ, ਉਸ ਰਾਤ, ਸਾਰੀ ਰਾਤ ਹੀ ਨਾਮ ਨਾਲ, ਗੁਰਬਾਣੀ ਨਾਲ ਜੁੜ ਜਾਵੇ, ਸਾਰੇ ਸਾਲ ਦੀਆਂ ਬਖਸ਼ਿਸ਼ਾਂ ਝੋਲੀ ਵਿੱਚ ਪੈ ਜਾਂਦੀਆਂ ਹਨ। ਕਹਿੰਦੇ ਕੋਈ ਪੂਰਨਮਾਸ਼ੀ ਵਾਲੇ ਦਿਨ ਜੁੜ ਜਾਵੇ, ਚਿੱਤ ਲਗਾ ਕੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨਾਲ, ਮਹੀਨੇ ਦੀਆਂ ਬਖਸ਼ਿਸ਼ਾਂ। ਕਿਸੇ ਕਿੰਤੂ ਪ੍ਰੰਤੂ ਕਰਨ ਵਾਲੇ ਨੇ ਪੁੱਛ ਲਿਆ ਕਿ ਪੂਰਨਮਾਸ਼ੀ ਦਾ ਮਹਾਤਮ ਕਿਉਂ ਗਿਣਦੇ ਹੋ? ਥਿਤਾਂ, ਵਾਰਾਂ ਦਾ ਤਾਅਲੁੱਕ ਨਹੀਂ ਹੈ। ਬਾਬਾ ਨੰਦ ਸਿੰਘ ਜੀ ਦਾ ਬਚਨ, ਪੂਰਨਮਾਸ਼ੀ ਵਾਲੇ ਦਿਨ ਆਪ ਨਿਰੰਕਾਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਧਰਤੀ ਤੇ ਆਏ ਹਨ, ਇਸ ਲਈ ਸਾਰੀਆਂ ਪੂਰਨਮਾਸ਼ੀਆਂ ਦਾ ਅਸੀਂ ਸਤਿਕਾਰ ਕਰਦੇ ਹਾਂ।

ਹੁਣ ਜਦੋਂ ਪੰਕਤੀ ਬੋਲਣੀ ਹੈ ਕਉਣੁ ਜਾਣੇ ਗੁਣ ਤੇਰੇ ਤੇ ਸਾਰੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦਾ ਧਿਆਨ ਧਰਣਾ। ਵਿਆਹ ਤੋਂ ਪਹਿਲਾਂ ਜਿਸ ਨੂੰ ਪਹਿਲੇ ਸਮਿਆਂ ਵਿੱਚ ਸਗਾਈ ਕਹਿੰਦੇ ਸੀ। ਬਾਬਾ ਜੀ ਦੀ ਉਹ ਜਿਹੜੀ ਸਗਾਈ ਹੋਈ ਹੈ, ਅੱਜ ਕੱਲ੍ਹ ਰੋਕਾ ਜਾਂ ਠਾਕਾ ਕਹਿੰਦੇ ਹਨ। ਉਦੋਂ ਸਗਾਈ ਕਹਿੰਦੇ ਸਨ। ਉਹ ਮਹਾਰਾਜ ਜੀ ਸੇਵਾ ਲੈਣ ਕਿ ਬਾਬਾ ਜੀ ਦੀ ਸਗਾਈ ਕਿਵੇਂ ਹੋਈ? ਕੌਣ-ਕੌਣ ਸਗਾਈ ਵਿੱਚ ਗਿਆ? ਕੌਣ-ਕੌਣ ਆਇਆ? ਸਗਾਈ ਕਿਹੜੇ ਢੰਗ ਨਾਲ ਹੋਈ? ਆਓ ਪਹਿਲਾਂ ਗਰੀਬ ਨਿਵਾਜ਼ ਦੇ ਗੁਣ ਗਾਈਏ। ਹੇ ਪਿਤਾ ਗੁਰੂ ਨਾਨਕ ਜੀ, ਤੁਸੀਂ ਰੱਬ ਵੀ ਹੋ, ਕਿਸੇ ਭੈਣ ਦੇ ਭਰਾ ਵੀ ਹੋ, ਕਿਸੇ ਮਾਂ ਦੇ ਪੁੱਤਰ ਵੀ ਹੋ, ਕਿਸੇ ਪਿਤਾ ਦੇ ਪੁੱਤਰ ਵੀ ਹੋ, ਸਾਰਿਆਂ ਦੇ ਮਾਲਕ ਵੀ ਹੋ, ਗਰੀਬਾਂ ਦੇ ਯਾਰ ਵੀ ਹੋ, ਅਨਾਥਾਂ ਦੇ ਨਾਥ ਵੀ ਹੋ, ਪਰਿਵਾਰ ਵਿੱਚ ਗ੍ਰਹਿਸਥੀ ਵੀ ਹੋ। ਹੇ ਸਤਿਗੁਰੂ ਜੀ, ਅਸੀਂ ਤਾਂ ਇਹੀ ਕਹਿ ਸਕਦੇ ਹਾਂ :

***ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥***

*(ਅੰਗ ੧੫੬)*

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ, ਪਿਤਾ ਜੀ ਦੇ ਪਿਆਰ ਵਿੱਚ ਗੱਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

***ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥***
***ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥***

*(ਅੰਗ ੨੮੪)*

ਬਾਬਾ ਜੀ ਦੀ ਜਦੋਂ ਸਗਾਈ ਹੋਈ ਹੈ, ਜੋ ਵਿਆਹ ਤੋਂ ਪਹਿਲਾਂ ਸਗਾਈ ਹੁੰਦੀ ਹੈ। ਉਦੋਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੁਲਤਾਨਪੁਰ ਲੋਧੀ ਵਿਖੇ ਮੋਦੀਖਾਨੇ ਦੀ ਕਿਰਤ ਕਰਦੇ ਸੀ। ਹੁਣ ਸੁਲਤਾਨਪੁਰ ਲੋਧੀ ਬਿਰਤੀ ਲੈ ਜਾਓ। ਭੈਣ ਨਾਨਕੀ ਜੀ ਦੇ ਘਰ ਵਾਲੇ ਭਾਈਆ ਜੈ ਰਾਮ ਜੀ। ਅੱਜ ਕੱਲ੍ਹ ਅਸੀਂ ਜੀਜਾ ਜੀ ਕਹਿੰਦੇ ਹਾਂ, ਉਦੋਂ ਜੀਜੇ ਨੂੰ ਭਾਈਆ ਜੀ ਕਹਿੰਦੇ ਸੀ। ਧੰਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਜੀਜਾ ਜੀ, ਭਾਈਆ ਜੈ ਰਾਮ ਜੀ। ਭਾਈਆ ਜੈ ਰਾਮ ਜੀ ਦੇ ਪਿਤਾ ਜੀ ਭਾਈ ਪਰਮਾਨੰਦ ਜੀ। ਇਹ ਸੁਲਤਾਨਪੁਰ ਲੋਧੀ ਦਾ ਸ਼ੀਸ਼ਾ ਜਿੱਥੇ ਪਿਤਾ ਜੀ ਮੋਦੀਖਾਨੇ ਕਿਰਤ ਕਰਦੇ ਸੀ। ਜਦ ਗੁਰੂ ਸਾਹਿਬ ਸੁਲਤਾਨਪੁਰ ਲੋਧੀ ਮੋਦੀਖਾਨੇ ਕਿਰਤ ਕਰਦੇ ਸਨ ਤਾਂ ਕਿਰਤ ਇਹੋ ਜਿਹੀ ਕਰਦੇ ਸਨ ਕਿ ਤੇਰ੍ਹਾਂ-ਤੇਰ੍ਹਾਂ ਕਰਕੇ ਕਈਆਂ ਦੀਆਂ ਝੋਲੀਆਂ ਭਰਦੇ। ਖੁੱਲ੍ਹਾ ਤੋਲ ਰੱਖਦੇ ਸੀ। ਸਾਧ ਸੰਗਤ ਜੀ ਜਿਹੜੇ ਆਪਣੀ ਕਿਰਤ ਵਿੱਚ ਇਹ ਗੁਣ ਲੈ ਆਉਂਦੇ ਹਨ ਉਹ ਫਿਰ ਘੱਟ ਨਹੀਂ ਤੋਲਦੇ, ਕੰਜੂਸੀ ਨਹੀਂ ਕਰਦੇ ਉੱਥੇ ਨਿਰੰਕਾਰ ਵੀ ਬਰਕਤ ਪਾਂਦਾ।

ਜਦੋਂ ਸਗਾਈ ਹੋਈ ਹੈ, ਉਦੋਂ ਗੁਰੂ ਸਾਹਿਬ ਜੀ ਕਿੱਥੇ ਸਨ? ਸੁਲਤਾਨਪੁਰ ਲੋਧੀ। ਰਿਸ਼ਤਾ ਕਿੱਥੇ ਹੋਇਆ? ਬਟਾਲਾ। ਬਾਬਾ ਜੀ ਦੇ ਸਹੁਰੇ ਦਾ ਨਾਂ ਮੂਲ ਚੰਦ ਖੱਤਰੀ ਜੀ। ਜਿੱਥੇ ਰਿਸ਼ਤਾ ਹੋਇਆ, ਮਾਤਾ ਸੁਲੱਖਣੀ ਜੀ ਨਾਲ। ਮਹਾਰਾਜ ਜੀ ਦੇ ਮਹਿਲ। ਸਗਾਈ ਦੀ ਜੋ ਤਾਰੀਖ ਹੋਈ, ਸੁਲਤਾਨਪੁਰ ਲੋਧੀ ਉੱਥੇ ਭੈਣ ਜੀ- ਬੇਬੇ ਨਾਨਕੀ ਜੀ ਰਹਿੰਦੇ ਹਨ। ਬਟਾਲੇ ਰਿਸ਼ਤਾ ਹੋਇਆ ਹੈ। ਬਾਕੀ ਪਰਿਵਾਰ ਨਨਕਾਣਾ ਸਾਹਿਬ, ਰਾਇ ਭੋਇ ਦੀ ਤਲਵੰਡੀ। ਜ਼ਰਾ ਨਕਸ਼ਾ ਸਾਹਮਣੇ ਲਿਆਇਓ। ਕਹਿੰਦੇ ਰਾਇ ਭੋਇ ਦੀ ਤਲਵੰਡੀ ਤੋਂ ਬਾਕੀ ਪਰਿਵਾਰ ਸੁਲਤਾਨਪੁਰ ਲੋਧੀ ਨੂੰ ਤੁਰਿਆ ਹੈ ਕਿ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਗਾਈ ਹੈ, ਕੁਝ ਦਿਨਾਂ ਬਾਅਦ। ਰਾਇ ਭੋਇ ਦੀ ਤਲਵੰਡੀ ਤੋਂ ਜਿਹੜਾ ਪਰਿਵਾਰ ਤੁਰਿਆ ਹੈ, ਉਦੋਂ ਨਾ ਕਾਰਾਂ ਸੀ, ਨਾ ਗੱਡੀਆਂ ਸੀ, ਨਾ ਜੀਪਾਂ ਸੀ ਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਿਆ ਹੈ, ਲਫਜ਼ ਲਿਖਿਆ ਹੈ, ਛਕੜਾ। ਜਿਸ ਵਿੱਚ ਬੈਠ ਕੇ ਆਏ ਹਨ। ਸਾਰਾ ਪਰਿਵਾਰ ਜਿਸ ਵਿੱਚ ਬੈਠ ਕੇ ਆਇਆ ਹੈ, ਰਾਇ ਭੋਇ ਦੀ ਤਲਵੰਡੀ ਤੋਂ ਸੁਲਤਾਨਪੁਰ ਲੋਧੀ। ਉਸ ਛਕੜੇ ਵਿੱਚ ਕੌਣ-ਕੌਣ ਬੈਠਾ ਸੀ? ਬਾਬਾ ਜੀ ਦੇ ਪਰਿਵਾਰ ਦੇ ਦਰਸ਼ਨ। ਪਿਤਾ ਜੀ ਦੇ ਪਰਿਵਾਰ ਦੇ ਦਰਸ਼ਨ।

***ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥***

***(ਅੰਗ ੧੫੬)***

ਉਸ ਛਕੜੇ ਵਿੱਚ ਪਿਤਾ ਕਾਲੂ ਜੀ। ਮਾਤਾ ਤ੍ਰਿਪਤਾ ਜੀ। ਉਸ ਛਕੜੇ ਵਿੱਚ ਹੋਰ ਕੌਣ ਬੈਠਾ ਹੈ? ਪਿਤਾ ਕਾਲੂ ਜੀ ਦੇ ਵੱਡੇ ਭਰਾ ਭਾਈ ਲਾਲੂ ਜੀ। ਗੁਰੂ ਸਾਹਿਬ ਦੇ ਤਾਇਆ ਜੀ ਹੋ ਗਏ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਨਾ ਜੀ, ਭਾਈ ਰਾਮੇ ਜੀ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਨੀ ਜੀ, ਮਾਤਾ ਭਿਰਾਈ ਜੀ। ਇੱਕ ਮਾਤਾ ਵਿਰਾਈ ਜੀ ਹੋਏ ਹਨ। ਬਾਬਾ ਜੀ, ਤੁਹਾਡੀ ਸਗਾਈ ਤੇ ਮੈਂ ਵੀ ਜਾਣਾ ਹੈ, ਭਾਈ ਮਰਦਾਨਾ ਜੀ। ਸਭ ਆ ਰਹੇ ਹਨ, ਸੁਲਤਾਨਪੁਰ ਲੋਧੀ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਗਾਈ ਹੈ।

***ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥***

***(ਅੰਗ ੧੫੬)***

ਸਾਰੇ ਆਪਣਾ ਧਿਆਨ ਰਾਇ ਭੋਇ ਦੀ ਤਲਵੰਡੀ ਪਾਕਿਸਤਾਨ ਲੈ ਜਾਈਏ।

***ਧੰਨ ਗਲੀਆਂ ਤਲਵੰਡੀ ਦੀਆਂ।***

***ਧੰਨ ਧਰਤੀ ਨਨਕਾਣੇ ਦੀ।***

ਇਧਰ ਆਏ ਸੁਲਤਾਨਪੁਰ ਲੋਧੀ। ਭੈਣ

ਨਾਨਕੀ ਜੀ ਦਾ ਇਲਾਕਾ। ਇੱਕ-ਇੱਕ ਸਰੀਰ ਉਤਰਿਆ ਹੈ। ਅੱਗੋਂ ਜੀ ਆਇਆਂ ਕਿਹਾ ਹੈ, ਭੈਣ ਨਾਨਕੀ ਨੇ। ਭਾਈਆ ਜੈ ਰਾਮ ਜੀ, ਭੈਣ ਨਾਨਕੀ ਜੀ ਦੇ ਘਰੋਂ। ਭਾਈ ਪਰਮਾਨੰਦ ਜੀ। ਭੈਣ ਨਾਨਕੀ ਜੀ ਦੇ ਸਹੁਰਾ ਸਾਹਿਬ। ਭਾਈਆ ਜੈ ਰਾਮ ਜੀ ਦੇ ਪਿਤਾ ਜੀ ਤੇ ਜਿਹੜਾ ਨਕਸ਼ਾ ਖਿੱਚਿਆ ਹੈ, ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਵਿੱਚ ਲਿਖਿਆ ਹੈ। ਜਦੋਂ ਸਾਰੇ ਪਰਿਵਾਰ ਨੂੰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਮਿਲੇ ਹਨ। ਵੇਖੋ, ਸ੍ਰਿਸ਼ਟੀ ਦੇ ਮਾਲਕ ਹਨ। ਜੋ ਚਾਹੁਣ, ਕਰ ਸਕਦੇ ਹਨ ਪਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਾਨੂੰ ਜਾਚਾਂ ਸਿਖਾਈਆਂ। ਜਦੋਂ ਸੁਲਤਾਨਪੁਰ ਲੋਧੀ ਆਪਣੇ ਪਰਿਵਾਰ ਨੂੰ ਮਿਲੇ ਹਨ, ਇਕੱਲੇ-ਇਕੱਲੇ ਦੇ ਪੈਰੀ ਹੱਥ ਲਗਾਇਆ ਹੈ। ਥੋੜ੍ਹਾ ਪੜ੍ਹੋ ਜੀ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਸਮਾਂ ਲਿਖਿਆ ਹੈ:

***ਜਾਇ ਕਰੀ ਬੰਧਨ ਪਿਤ ਭਰਾਤਾ।***

***ਸ੍ਰੀ ਨਾਨਕ ਪੁੰਨ ਉਠ ਸੁਖਦਾਤਾ।***

ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਦੀਆਂ ਪੰਕਤੀਆਂ ਬੋਲੀਆਂ ਹਨ। ਇਹ ਤਾਂ ਬੋਲੀਆਂ ਹਨ ਕਿ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਕਿ ਆਪਣੇ ਮਾਤਾ-ਪਿਤਾ ਜੀ ਨੂੰ ਮੱਥਾ ਟੇਕਿਆ ਕਰੋ।

***ਜਾਇ ਕਰੀ ਬੰਧਨ ਪਿਤ ਭਰਾਤਾ।***

ਬੰਧਨ ਦਾ ਅਰਥ ਹੈ, ਪੈਰੀਂ ਹੱਥ ਲਗਾਉਣਾ। ਪਿਤਾ ਜੀ ਨੂੰ ਵੀ ਤੇ ਪਿਤਾ ਜੀ ਦੇ ਭਰਾ ਨੂੰ ਵੀ, ਜਿਨ੍ਹਾਂ ਦਾ ਨਾਮ ਭਾਈ ਲਾਲੂ ਜੀ ਸੀ।

***ਸ੍ਰੀ ਨਾਨਕ ਪੁੰਨ ਉਠ ਸੁਖਦਾਤਾ।***

ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਵਿੱਚ ਲਿਖਿਆ ਹੈ ਕਿ ਸਾਰੀ ਦੁਨੀਆਂ ਨੂੰ ਸੁਖ ਦੇਣ ਵਾਲਾ ਆਪਣੇ ਵੱਡਿਆਂ ਦੇ ਪੈਰੀਂ ਹੱਥ ਲਗਾ ਰਿਹਾ ਹੈ। ਮਾਤਾ ਜੀ ਦੇ, ਨਾਨਾ ਜੀ ਦੇ, ਨਾਨੀ ਜੀ ਦੇ, ਪਿਤਾ ਕਾਲੂ ਜੀ ਦੇ ਪੈਰੀਂ ਹੱਥ ਲਗਾਇਆ ਤੇ ਪੁੱਛਣ ਲੱਗੇ, ਰਾਇ ਬੁਲਾਰ ਜੀ ਦਾ ਕੀ ਹਾਲ ਹੈ? ਪਿਤਾ ਕਾਲੂ ਜੀ ਕਹਿਣ ਲੱਗੇ, ਓ ਗੁਰੂ ਨਾਨਕ, ਓ ਗੁਰੂ ਨਾਨਕ। ਤੂੰ ਅੱਗੇ ਨਿਕਲ ਗਿਆ ਹੈਂ। ਮੈਂ ਪਿੱਛੇ ਰਹਿ ਗਿਆ ਹਾਂ। ਤੂੰ ਪਹਿਲਾਂ ਪੁੱਛ ਲਿਆ ਹੈ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਇ ਬੁਲਾਰ ਜੀ ਦਾ ਬਹੁਤ ਸਤਿਕਾਰ ਕੀਤਾ ਹੈ। ਪਛਾਣ ਲਿਆ ਸੀ ਉਸ ਨੇ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ, ਪਿਤਾ ਜੀ, ਰਾਇ ਬੁਲਾਰ ਜੀ, ਤੁਹਾਡੀ ਰਾਇ ਭੋਇ ਦੀ ਤਲਵੰਡੀ ਵਿੱਚ ਭਿੱਜੀ ਰੂਹ ਹਨ। ਉਨ੍ਹਾਂ ਦਾ ਮਾਣ ਕਰਨਾ ਹੈ। ਸਾਰਿਆਂ ਦੇ ਪੈਰੀਂ ਹੱਥ ਲਗਾਇਆ। ਕਹਿੰਦੇ ਜਦੋਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਾਰੇ ਪਰਿਵਾਰ ਨੂੰ ਨਿਮਰਤਾ ਨਾਲ ਮਿਲੇ:

***ਜਾਇ ਕਰੀ ਬੰਧਨ ਪਿਤ ਭਰਾਤਾ।***

ਕਹਿੰਦੇ ਜਦੋਂ ਨਾਨਾ ਜੀ ਦੇ ਪੈਰੀਂ ਹੱਥ ਲਗਾਇਆ ਤੇ ਬਾਬਾ ਨਾਨਕ ਜੀ ਦੇ ਨਾਨਾ ਜੀ, ਰਾਮਾ ਜੀ ਨੇ ਪੈਰੀਂ ਹੱਥ ਲਗਾਉਣ ਤੋਂ ਬਾਅਦ ਗੁਰੂ ਨਾਨਕ ਸਾਹਿਬ ਨੂੰ ਗਲਵਕੜੀ ਵਿੱਚ ਲੈ ਲਿਆ। ਜੱਫੀ ਪਾ ਲਈ। ਜੱਫੀ ਪਾਈ, ਪਿਆਰ ਕੀਤਾ। ਬੰਦਾ ਹੁੰਦਾ ਹੈ, ਮਿੰਟ ਅੱਧੇ ਮਿੰਟ ਬਾਅਦ ਜੱਫੀ ਖੁੱਲ੍ਹ ਜਾਵੇ। ਪਰ ਨਾਨਾ ਜੀ ਜੱਫੀ ਖੋਲ੍ਹਦੇ ਹੀ ਨਹੀਂ ਤੇ ਦੂਰੋਂ ਨਾਨੀ ਜੀ ਅਵਾਜ਼ ਦਿੰਦੇ ਹਨ, ਬੀਬੀ ਭਿਰਾਈ ਜੀ। ਕਹਿੰਦੇ ਕਿ ਹੁਣ ਕਿੰਨੀ ਲੰਬੀ ਜੱਫੀ ਪਾਉਣੀ ਜੇ। ਛੱਡੋ ਹੁਣ ਨਾਨਕ ਨੂੰ, ਗਲਵਕੜੀ ਵਿੱਚੋਂ। ਕਹਿੰਦੇ ਨਾਨਾ ਜੀ ਅੱਗੋਂ ਕੀ ਕਹਿੰਦੇ ਹਨ, ਅਸੀਂ ਗੁਰੂ ਨਾਨਕ ਦੀ ਸਗਾਈ ਤੇ ਆਏ ਹਾਂ। ਮੈਂ ਤਦ ਤੱਕ ਜੱਫੀ ਨਹੀਂ ਛੱਡਣੀ, ਜਦ ਤੱਕ ਮੈਂ ਗੁਰੂ ਨਾਨਕ ਦੀ ਸਗਾਈ ਦੀ ਖੁਸ਼ੀ ਵਿੱਚ ਮੰਗਤਿਆਂ ਨੂੰ ਦਾਨ ਨਾ ਦੇ ਦੇਵਾਂ। ਲੋੜਵੰਦਾਂ ਨੂੰ ਦਾਨ ਨਾ ਦੇ ਦੇਵਾਂ ਤੇ ਬੀਬੀ ਭਿਰਾਈ ਜੀ ਅੱਗੋਂ ਕਹਿੰਦੇ ਹਨ,

ਨਾਨਾ ਜੀ ਨੂੰ, ਰਾਮਾ ਜੀ ਨੂੰ, ਮੈਂ ਦਾਨ ਕਿਸ ਨੂੰ ਦੇਵਾਂ? ਇੱਥੇ ਤੇ ਕੋਈ ਮੰਗਤਾ ਨਜ਼ਰ ਹੀ ਨਹੀਂ ਆ ਰਿਹਾ। ਕਹਿੰਦੇ, ਭੈਣ ਨਾਨਕੀ ਨੇ ਨੌਕਰਾਣੀਆਂ ਨੂੰ ਭਜਾਇਆ ਕਿ ਜਾਓ, ਸੁਲਤਾਨਪੁਰ ਲੋਧੀ ਜਿੰਨੇ ਲੋੜਵੰਦ ਸਰੀਰ ਹਨ, ਸਾਰਿਆਂ ਨੂੰ ਬੁਲਾ ਲਿਆਓ। ਬਾਬੇ ਨਾਨਕ ਜੀ ਦੇ ਨਾਨਾ ਜੀ ਮੌਜ ਵਿੱਚ ਆ ਗਏ ਤੇ ਕਹਿੰਦੇ, ਉਹ ਗਲਵਕੜੀ ਵਿੱਚੋਂ ਛੱਡਦੇ ਹੀ ਨਹੀਂ। ਜਦੋਂ ਮੰਗਤੇ ਨੇੜੇ ਆ ਗਏ। ਦਾਸ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਪੰਕਤੀ ਤਾਂ ਨਾਲ ਬੋਲ ਰਿਹਾ ਹੈ ਤਾਂ ਕਿ ਕੋਈ ਸ਼ੱਕ ਨਾ ਰਹਿ ਜਾਵੇ। ਉਸ ਵੇਲੇ ਨਾਨਾ ਜੀ ਨੇ ਕੀ ਕੀਤਾ?

***ਬੀਸ ਰੁਪਏ ਕਿ ਟਕੇ ਮੰਗਾਏ।***
***ਜਬ ਜਾਚਕ ਜਾਨੈ ਤੇ ਆਏ।***

ਇੱਥੇ ਜਾਚਕ ਮੰਗਤਿਆਂ ਨੂੰ ਕਿਹਾ ਗਿਆ ਹੈ। ਜਦੋਂ ਸਾਰੇ ਆ ਗਏ। ਕਹਿੰਦੇ ਨਾਨਾ ਜੀ ਨੂੰ ਇੰਨੀ ਖੁਸ਼ੀ ਚੜ੍ਹੀ, ਰਾਮਾ ਜੀ ਨੂੰ ਕਿ ਵੀਹ ਰੁਪਏ ਦੇ ਕਿਉਂਕਿ ਵੀਹ ਰੁਪਏ ਉਸ ਸਮੇਂ ਬਹੁਤ ਹੁੰਦੇ ਸਨ, ਵੀਹ ਰੁਪਏ ਦੇ ਟਕੇ ਮੰਗਵਾ ਕੇ ਸਾਰਿਆਂ ਮੰਗਤਿਆਂ ਨੂੰ ਦੇ ਕੇ ਆਖਿਆ, ਅੱਜ ਗੁਰੂ ਨਾਨਕ ਦੀ ਸਗਾਈ ਹੋਣੀ ਹੈ, ਅੱਜ ਤੁਹਾਨੂੰ ਵੀ ਸਤਿਕਾਰ ਦਿੱਤਾ ਜਾ ਰਿਹਾ ਹੈ। ਅੱਗੇ ਲਿਖਿਆ ਹੈ:

***ਦਸ ਕੇ ਨਾਨੀ ਪਾਂਚ ਕੇ ਮਾਮਾ।***

ਅਗਲੇ ਦਿਨ ਸੁਲਤਾਨਪੁਰ ਲੋਧੀ ਨਾਨੀ ਜੀ ਨੇ ਦਸ ਰੁਪਏ ਦੇ ਟਕੇ ਤੇ ਮਾਮਾ ਜੀ ਨੇ ਪੰਜ ਰੁਪਏ ਦੇ ਟਕੇ ਖੁਸ਼ੀ ਵਿੱਚ ਲੋੜਵੰਦਾਂ ਨੂੰ ਦਿੱਤੇ। ਇਹ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸਾਖੀ ਵਿੱਚੋਂ ਕੁਝ ਸਿੱਖਿਆ ਮਿਲਦੀ ਹੈ। ਖੁਸ਼ੀਆਂ ਵੇਲੇ ਨਿਰੇ ਆਪਣੇ ਤੇ ਖਰਚੇ ਨਾ ਕਰੇ। ਖੁਸ਼ੀ ਵੇਲੇ ਲੋੜਵੰਦਾਂ ਦੀ ਬਾਂਹ ਵੀ ਫੜ ਲੈ। ਤੁਹਾਡੇ ਘਰ ਵਿਆਹ, ਸ਼ਾਦੀ ਹੈ ਤਾਂ ਦਾਸ ਗੁਰੂ ਦੀ ਹਜ਼ੂਰੀ ਵਿੱਚ ਕਹਿ ਰਿਹਾ ਹੈ, ਅਸੀਂ ਆਪਣੇ ਵਾਸਤੇ ਪੰਜ ਹਜ਼ਾਰ, ਦਸ ਹਜ਼ਾਰ ਦੇ ਸੂਟ ਸਵਾਉਂਦੇ ਹਾਂ, ਕਿਤੇ ਮਨ ਵਿੱਚ ਇਹ ਵੀ ਆ ਜਾਵੇ ਕਿ ਸੌ ਵਿਧਵਾ ਬੀਬੀਆਂ, ਪੰਜਾਹ ਵਿਧਵਾ ਬੀਬੀਆਂ ਨੂੰ ਤਨ ਕੱਜਣ ਲਈ ਕੋਈ ਸੂਟ ਜਾਂ ਉਨ੍ਹਾਂ ਦੇ ਬੱਚਿਆਂ ਲਈ ਕੋਈ ਪੜ੍ਹਾਈ ਦਾ ਕਾਰਜ ਕਰਾਂ। ਤੇਰੀ ਖੁਸ਼ੀ ਦੇ ਕਾਰਜ ਵਿੱਚ ਲੋੜਵੰਦਾਂ ਦੀ ਵੀ ਅਸੀਸ ਸ਼ਾਮਿਲ ਹੋ ਜਾਵੇ। ਇਸ਼ਾਰਾ ਲੈਣਾ ਕਿ ਖੁਸ਼ੀ ਦੇ ਕਾਰਜਾਂ ਵਿੱਚ ਇਹ ਵੀ ਉਪਰਾਲਾ ਹੋਣਾ ਚਾਹੀਦਾ ਹੈ। ਅਗਲੇ ਦਿਨ ਸਾਰੇ ਸੁਲਤਾਨਪੁਰ ਲੋਧੀ ਤੋਂ ਬਟਾਲੇ ਆਏ। ਮੂਲ ਚੰਦ ਖੱਤਰੀ ਜੀ ਨੇ ਜਲ ਪਾਣੀ ਨਾਲ ਸੇਵਾ ਕੀਤੀ। ਜੀ ਆਇਆ ਕਿਹਾ। ਜੋ ਉਸ ਵੇਲੇ ਸਗਾਈ ਦੀ ਮਰਿਆਦਾ ਪੂਰੀ ਹੋਈ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਿਆ ਹੈ ਕਿ ਸਗਾਈ ਤੋਂ ਇੱਕ ਸਾਲ ਬਾਅਦ ਬਾਬਾ ਜੀ ਦਾ ਵਿਆਹ ਹੋਇਆ। ਇੰਨਾ ਟਾਈਮ ਪਿਆ।

ਸਾਰਾ ਪਰਿਵਾਰ ਜਦੋਂ ਸੁਲਤਾਨਪੁਰ ਲੋਧੀ ਵਾਪਸ ਆਇਆ ਤੇ ਭਾਈ ਮਰਦਾਨਾ ਜੀ ਕਹਿੰਦੇ, ਬਾਬਾ ਜੀ, ਸਾਰਿਆਂ ਨੂੰ ਵਧਾਈ ਦੇ ਦਿੱਤੀ ਤੇ ਮੈਨੂੰ ਵੀ ਵਧਾਈ ਦਿਓ। ਬਾਬਾ ਜੀ ਖੁਸ਼ੀ ਵਿੱਚ ਆ ਕੇ ਕਹਿੰਦੇ, ਮਰਦਾਨਿਆ, ਸਗਾਈ ਦੀ ਖੁਸ਼ੀ ਵਿੱਚ, ਦਸ ਕੀ ਮੰਗਦਾ ਹੈਂ? ਤੈਨੂੰ ਕੀ ਚਾਹੀਦਾ ਹੈ। ਭਾਈ ਮਰਦਾਨਾ ਜੀ ਦੋ ਚਾਰ ਮਿੰਟ ਸੋਚ ਕੇ ਆਖਦੇ ਹਨ। ਜੋ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਿਆ ਹੈ ਕਿ ਬਾਬਾ ਜੀ, ਕੋਈ ਭਲਾ ਪਦਾਰਥ ਦਿਓ ਜਿਸ ਨਾਲ ਸੁੱਖ ਬਣ ਆਵੇ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ, ਮਰਦਾਨਿਆ, ਤੇਰੀ ਨਜ਼ਰ ਵਿੱਚ ਭਲਾ ਪਦਾਰਥ ਕਿਹੜਾ ਹੈ ਜਿਸ ਨਾਲ ਸੁੱਖ ਬਣ ਆਵੇ ਤੇ ਭਾਈ ਮਰਦਾਨਾ ਜੀ ਅੱਗੋਂ ਕਹਿੰਦੇ, ਬਾਬਾ ਜੀ, ਧਨ ਦੇ, ਕੱਪੜਾ ਦੇ, ਗ੍ਰਹਿ ਦੇ। ਜ਼ਿੰਦਗੀ ਵਿੱਚ ਸੁੱਖ ਬਣ ਆਵੇ। ਜਿਹੜੇ ਦੋ ਜਵਾਬ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ

ਦਿੱਤੇ। ਮਰਦਾਨਿਆ, ਤੇਰੀ ਨਜ਼ਰ ਵਿੱਚ ਧਨ, ਕੱਪੜਾ, ਗ੍ਰਿਹ ਇਹ ਭਲੇ ਪਦਾਰਥ ਹਨ। ਇਨ੍ਹਾਂ ਨਾਲ ਸੁੱਖ ਬਣ ਆਉਂਦਾ ਹੈ। ਬਾਬਾ ਜੀ, ਮੇਰੀ ਨਜ਼ਰ ਵਿੱਚ ਤਾਂ ਇਹੀ ਹੀ ਹਨ। ਦਾਸ ਹੈਰਾਨ ਰਹਿ ਗਿਆ। ਬਾਬਾ ਜੀ ਨੇ ਸੋਝੀ ਦਿੱਤੀ। ਕਹਿਣ ਲੱਗੇ, ਮਰਦਾਨਿਆ, ਇਹ ਧਨ, ਕੱਪੜੇ, ਗ੍ਰਿਹ ਤੂੰ ਸਮਝਦਾ ਹੈਂ ਕਿ ਸੁੱਖ ਦਿੰਦੀਆਂ ਹਨ ਪਰ ਇਹ ਚੀਜ਼ਾਂ ਕਈ ਵਾਰ ਰੰਜ਼ਸ ਪੈਦਾ ਕਰ ਦਿੰਦੀਆਂ ਹਨ। ਬੜੇ ਧਿਆਨ ਨਾਲ ਸੁਣਿਓ। ਇਹ ਚੀਜ਼ਾਂ ਕਈ ਵਾਰ ਈਰਖਾ ਤੇ ਰੰਜ਼ਸ ਪੈਦਾ ਕਰ ਦਿੰਦੀਆਂ ਹਨ। ਤੇਰਾ ਗ੍ਰਿਹ ਵੇਖ ਕੇ ਕਿਤੇ ਹੋਰਨਾਂ ਨੂੰ ਰੰਜ਼ਸ ਆਵੇ, ਫਿਰ ਦੁੱਖੀ ਹੋਵੇਂਗਾ। ਇਹ ਚੀਜ਼ਾਂ ਦੁੱਖਦਾਈ ਬਣ ਜਾਂਦੀਆਂ ਹਨ। ਰੰਜ਼ਸ ਪੈਦਾ ਕਰਦੀਆਂ ਹਨ। ਭਾਈ ਮਰਦਾਨਾ ਜੀ ਕਹਿੰਦੇ, ਬਾਬਾ, ਫਿਰ ਮੇਰਾ ਕੰਮ ਖਤਮ। ਤੇਰੀ ਨਜ਼ਰ ਵਿੱਚ ਜੋ ਭਲਾ ਪਦਾਰਥ ਹੈ, ਫਿਰ ਉਹ ਦੇ ਦੇ। ਬਾਬਾ ਜੀ ਤੇਰੀ ਸਗਾਈ ਹੈ। ਮੈਨੂੰ ਭਲਾ ਪਦਾਰਥ ਦੇ। ਇਹ ਦਾਸ ਪੜ੍ਹ ਕੇ ਹੈਰਾਨ ਹੋ ਗਿਆ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ, ਮਰਦਾਨਿਆ, ਕਰ ਝੋਲੀ। ਭਾਈ ਮਰਦਾਨਾ ਜੀ ਨੇ ਝੋਲੀ ਕੀਤੀ ਤੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਰਦਾਨਾ ਜੀ ਦੀ ਝੋਲੀ ਵਿੱਚ ਕੀ ਪਾਇਆ? ਮਰਦਾਨਿਆ, ਤੂੰ ਤੰਤੀ ਸਾਜ਼ ਵਜਾ ਲੈਂਦਾ ਹੈਂ। ਆਹ ਲੈ ਭਲਾ ਪਦਾਰਥ, ਮੈਂ ਤੇਰੀ ਝੋਲੀ ਵਿੱਚ ਰਬਾਬ ਪਾਉਂਦਾ ਹਾਂ। ਇਸ ਰਬਾਬ ਨਾਲ ਹਰੀ ਦੇ ਗੁਣ ਗਾਈਂ। ਹਰੀ ਦੇ ਗੁਣ ਸਭ ਤੋਂ ਵੱਧ ਭਲੇ ਪਦਾਰਥ ਹਨ। ਮੈਂ ਤੇਰੀ ਝੋਲੀ ਵਿੱਚ ਇੱਕ ਸਾਜ਼, ਤੰਤੀ ਸਾਜ਼, ਰਬਾਬ, ਤੇਰੀ ਝੋਲੀ ਵਿੱਚ ਇਹੋ ਜਿਹੀ ਚੀਜ਼ ਪਾ ਰਿਹਾ ਹੈ। ਇਸ ਨਾਲ ਹਰੀ ਦੇ ਗੁਣ ਗਾਈਂ। ਜਦੋਂ ਹਰੀ ਦੇ ਗੁਣ ਗਾਵੇਂਗਾ ਤੇ ਸਾਰੇ ਸੁੱਖ ਆਪੇ ਹੀ ਆ ਜਾਣਗੇ। ਗੁਰਬਾਣੀ ਵਿੱਚ ਲਿਖਿਆ ਹੈ ਕਿ :

***ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥੪॥***

***(ਅੰਗ ੧੦੧੮)***

ਵਾਹਿਗੁਰੂ ਕਿਰਪਾ ਕਰੇ, ਭਾਵੇਂ ਤਬਲਾ ਹੈ ਤੇ ਭਾਵੇਂ ਵਾਜਾ ਹੈ ਤੇ ਭਾਵੇਂ ਰਬਾਬ ਹੈ ਤੇ ਭਾਵੇਂ ਮਡੋਲੀਅਨ ਹੈ। ਭਾਵੇਂ ਕੋਈ ਹੋਰ ਸਾਜ਼ ਹੈ। ਅਗਰ ਤੁਹਾਡੀ ਜ਼ਿੰਦਗੀ ਵਿੱਚ ਇਨ੍ਹਾਂ ਸਾਜ਼ਾਂ ਦਾ ਕੋਈ ਗੁਣ ਹੈ, ਉਸ ਨਾਲ ਹਰੀ ਦੇ ਗੁਣ ਗਾਈਂ, ਸਾਰਾ ਕੁਝ ਆ ਜਾਵੇਗਾ। ਨਿਰੇ ਮਕਾਨ, ਨਿਰੇ ਧਨ, ਇਹ ਕਈ ਵਾਰ ਰੰਜ਼ਸ ਪੈਦਾ ਕਰਦੀਆਂ ਹਨ। ਇਹ ਕਈ ਵਾਰ ਦੁੱਖਦਾਈ ਬਣ ਜਾਂਦੀਆਂ ਹਨ। ਹਰੀ ਨੂੰ ਲੈ। ਉਸ ਨਾਲ ਜੁੜ। ਕਹਿੰਦੇ, ਜਦੋਂ ਰਬਾਬ ਝੋਲੀ ਵਿੱਚ ਪਾਈ। ਦਾਸ ਨੂੰ ਉਸ ਵੇਲੇ ਪਤਾ ਨਹੀਂ, ਭਾਈ ਮਰਦਾਨਾ ਜੀ ਦਾ ਕੀ ਲਿਬਾਸ ਹੋਵੇਗਾ? ਮਰਦਾਨਾ ਜੀ ਨੂੰ ਕਹਿੰਦੇ, ਇੱਕ ਲੈ ਰਬਾਬ ਤੇ ਦੂਜਾ ਬਾਬਾ ਨਾਨਕ ਜੀ ਨੇ ਆਪਣਾ ਚੋਲਾ ਉਤਾਰਿਆ ਤੇ ਕਹਿਣ ਲੱਗੇ, ਮਰਦਾਨਿਆ, ਮੇਰਾ ਚੋਲਾ ਤੂੰ ਪਾ ਲੈ। ਤੈਨੂੰ ਪਹਿਰਾਵਾ ਵੀ ਦਿੱਤਾ।

***ਗੁਰ ਤੇ ਜਾਮਾ ਦੀਨ ਉਤਾਰੂੰ।***

ਜਾਮਾ ਕਹਿੰਦੇ ਹਨ, ਚੋਲੇ ਨੂੰ। ਫਿਰ ਗੁਰੂ ਜੀ ਨੇ ਆਪਣਾ ਜਾਮਾ ਉਤਾਰ ਕੇ ਦਿੱਤਾ। ਮਰਦਾਨਾ ਜੀ ਨੇ ਪਾ ਲਿਆ। ਰਬਾਬ ਵੀ ਦਿੱਤੀ। ਬਾਣਾ ਵੀ ਮਿਲ ਗਿਆ। ਹਰੀ ਦੇ ਗੁਣ ਗਾਈਂ। ਜੋ ਤੈਨੂੰ ਲੋੜ ਹੈ, ਤੈਨੂੰ ਭੇਜ ਦੇਵੇਗਾ। ਕਹਿੰਦੇ ਕਿ ਜਦੋਂ ਭਾਈ ਮਰਦਾਨਾ ਜੀ ਨੂੰ ਇਹ ਚੀਜ਼ਾਂ ਮਿਲੀਆਂ ਤੇ ਤਲਵੰਡੀ ਵਾਪਸ ਜਾ ਰਹੇ ਹਨ ਤੇ ਰਸਤੇ ਵਿੱਚ ਇੱਕ ਬਚਨ ਕੀਤਾ ਜੋ ਸਾਂਝਾ ਕਰਕੇ ਸਮਾਪਤੀ ਕਰਾਂਗੇ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ, ਮਰਦਾਨਿਆ, ਹੁਣ ਤੂੰ ਮੇਰਾ ਬਣ ਗਿਆ ਹੈਂ। ਇੱਕ ਧਿਆਨ ਰੱਖੀਂ। ਹੁਣ ਥਾਂ-ਥਾਂ ਤੋਂ ਨਾ ਮੰਗੀ ਜਾਈਂ। ਜੇ ਤੂੰ ਥਾਂ-ਥਾਂ ਤੋਂ ਮੰਗੇਂਗਾ ਤੇ ਉਂਗਲ ਤੈਨੂੰ ਨਹੀਂ

*—ਬਾਕੀ ਹਿੱਸਾ ਪੰਨਾ 33 'ਤੇ ਪੜ੍ਹੋ ਜੀ*

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-

ਸੰਗ੍ਰਹਿ ਕਰਤਾ-ਸੰਪਾਦਕ

300

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਓਟ ਲਵੋ ਅਤੇ ਭਜਨ ਬੰਦਗੀ ਕਰੋ ਔਖਾ ਸਮਾਂ ਜਲਦੀ ਹੀ ਟਲ ਜਾਵੇਗਾ।

301

ਰੋਟੀ ਝੂਠ ਵਿੱਚ ਨਹੀਂ ਸੱਚ ਬੋਲੋ ਜਿੰਨੀ ਤੁਹਾਨੂੰ ਲੋੜ ਹੈ ਗੁਰੂ ਨਾਨਕ ਸਾਹਿਬ ਦੇ ਦੇਣਗੇ। ਸੱਚ ਬੋਲੀ ਜਾਓ ਆਪੇ ਸਭ ਇਤਬਾਰ ਕਰਨਗੇ।

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

134

ਉਪਦੇਸ਼ ਅਧਿਕਾਰ ਦੇ ਅਨੁਸਾਰ ਹੀ ਕੀਤਾ ਜਾ ਸਕਦਾ ਹੈ।

135

ਉਪਦੇਸ਼ ਅਧਿਕਾਰ ਦੇ ਅਨੁਸਾਰ ਹੀ ਫਲੀਭੂਤ ਹੁੰਦਾ ਹੈ।

—ਭਾਈ ਅਮਰੀਕ ਸਿੰਘ ਗਨੈਸਕ

ਬੱਚਿਆਂ ਲਈ ਵਿਸ਼ੇਸ਼

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "**400 ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**40. ਪ੍ਰ: ਉਸ ਪਿਆਰੇ ਗੁਰਸਿੱਖ ਦਾ ਨਾਂ ਲਿਖੋ ਜਿਨ੍ਹਾਂ ਨੂੰ ਅੱਠ ਪਾਤਸ਼ਾਹੀਆਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ?**

ਉ: ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ।

ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਦੀ 125 ਸਾਲ ਦੀ ਕੁੱਲ ਉਮਰ। 113 ਸਾਲ ਸਿੱਖੀ ਕਮਾਈ ਹੈ। 12 ਸਾਲ ਦੀ ਉਮਰ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੇ ਚਰਨਾਂ ਵਿੱਚ ਆਏ। ਪੰਜ ਪਾਤਸ਼ਾਹੀਆਂ ਨੂੰ ਗੁਰਤਾ ਗੱਦੀ ਦਾ ਤਿਲਕ ਲਗਾਉਣ ਦਾ ਸੁਭਾਗ ਪ੍ਰਾਪਤ ਹੋਇਆ। ਛੇ ਪਾਤਸ਼ਾਹੀਆਂ ਦੇ ਗੁਰੂ ਰੂਪ ਵਿੱਚ ਦਰਸ਼ਨ ਕੀਤੇ ਤੇ ਦੋ ਪਾਤਸ਼ਾਹੀਆਂ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਾਲ ਉਮਰ ਵਿੱਚ ਦਰਸ਼ਨ ਕੀਤੇ।

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਬਾਬਾ ਬੁੱਢਾ ਸਾਹਿਬ ਜੀ ਪਰਥਾਏ ਬਚਨ- ਤੈਥੋਂ ਓਹਲੇ ਨਾ ਹੋਸਾਂ।

ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਬਾਬਾ ਬੁੱਢਾ ਸਾਹਿਬ ਜੀ ਪਰਥਾਏ ਬਚਨ- ਤਿਨ ਕਉ ਕਿਆ ਉਪਦੇਸੀਐ ਜਿਨ ਗੁਰ ਨਾਨਕ ਦੇਉ॥

ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦਾ ਬਾਬਾ ਬੁੱਢਾ ਸਾਹਿਬ ਜੀ ਪਰਥਾਏ ਬਚਨ- ਜਿਹੜਾ ਬਿਰਧ ਬਾਬੇ ਦਾ ਨਾਮ ਲਏਗਾ, ਪਾਪ ਉਸ ਦੇ ਵੀ ਕੱਟੇ ਜਾਣਗੇ।

ਤੀਜੇ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਜਦੋਂ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਬਹੁਤ ਵੈਰਾਗ ਕਾਰਨ ਇਕਾਂਤ ਵਿੱਚ ਚਲੇ ਗਏ ਤੇ ਬਾਬਾ ਬੁੱਢਾ ਸਾਹਿਬ ਜੀ ਵੱਲੋਂ ਬੇਨਤੀ ਕਰਨ ਤੇ ਹੀ ਗੁਰੂ ਸਾਹਿਬ ਨੇ ਸੰਗਤਾਂ ਨੂੰ ਦਰਸ਼ਨ ਦਿੱਤੇ।

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਬਾਬਾ ਬੁੱਢਾ ਸਾਹਿਬ ਜੀ ਪਰਥਾਏ ਬਚਨ- ਤੁਮ ਸਕਲ ਸਕਤਿ ਕੋ ਰਾਖੇ (ਜਦੋਂ ਛੇਵੇਂ ਪਾਤਸ਼ਾਹ ਜੀ ਨੂੰ ਬਾਬਾ ਬੁੱਢਾ ਸਾਹਿਬ ਜੀ ਕੋਲ ਪੜ੍ਹਨ ਲਈ ਲੈ ਕੇ ਆਏ)।

ਛੇਵੇਂ ਪਾਤਸ਼ਾਹ ਜੀ ਦਾ ਬਾਬਾ ਬੁੱਢਾ ਸਾਹਿਬ ਜੀ ਪਰਥਾਏ ਬਚਨ- ਤੁਹਾਡੇ ਹਿਰਦੇ ਅੰਦਰ ਗੁਰ ਸ਼ਬਦ ਹੈ। ਤੁਸੀਂ ਸੁਭਾਗੇ ਹੋ ਜਿਨ੍ਹਾਂ ਨੇ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੀ ਸੰਗਤ ਮਾਣੀ ਹੈ।

ਸਭ ਤੋਂ ਵੱਡੀ ਗੱਲ, ਜਿਸ ਸਰੀਰ ਵਿੱਚ ਗੁਰੂ

ਜੋਤ ਪ੍ਰਵੇਸ਼ ਕਰਦੀ ਸੀ, ਸਿੱਖਾਂ ਵਿੱਚੋਂ ਸਭ ਤੋਂ ਵੱਧ ਮੱਥਾ ਟੇਕਣ ਦਾ ਸੁਭਾਗ ਬਾਬਾ ਬੁੱਢਾ ਸਾਹਿਬ ਜੀ ਨੂੰ ਪ੍ਰਾਪਤ ਹੁੰਦਾ ਸੀ।

ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਉਲੀ ਸਾਹਿਬ ਦਾ ਟੱਕ ਬਾਬਾ ਬੁੱਢਾ ਸਾਹਿਬ ਜੀ ਨੇ ਲਗਾਇਆ।

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪਹਿਲੇ ਗ੍ਰੰਥੀ ਦਾ ਵੀ ਮਾਣ ਬਾਬਾ ਬੁੱਢਾ ਸਾਹਿਬ ਜੀ ਨੂੰ ਪ੍ਰਾਪਤ ਹੈ।

ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਵੀ ਛੇਵੇਂ ਪਾਤਸ਼ਾਹ ਜੀ ਨੂੰ ਬਾਬਾ ਬੁੱਢਾ ਸਾਹਿਬ ਜੀ ਨੇ ਪਹਿਨਾਈਆਂ।

ਛੇਵੇਂ ਪਾਤਸ਼ਾਹ ਜੀ ਨੇ ਆਪ ਬਾਬਾ ਬੁੱਢਾ ਸਾਹਿਬ ਜੀ ਦਾ ਅੰਤਿਮ ਵੇਲਾ ਸੰਭਾਲਿਆ।

□□□

**41. ਪ੍ਰ: ਪ੍ਰੇਮੇ ਕੋਹੜੀ ਦਾ ਉਧਾਰ ਕਿਹੜੇ ਗੁਰੂ ਸਾਹਿਬ ਜੀ ਨੇ ਕੀਤਾ?**

ਉ: ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ

ਇਹ ਪ੍ਰੇਮਾ ਇੱਕ ਅਮੀਰ ਸ਼ਾਹੂਕਾਰ ਦਾ ਇਕਲੌਤਾ ਪੁੱਤਰ ਸੀ ਪਰ ਸ਼ਰਾਬ ਅਤੇ ਜੂਏ ਲੱਤ ਕਾਰਨ ਇਸ ਦੇ ਸਰੀਰ ਤੇ ਕੁਸ਼ਟ ਦਾ ਰੋਗ ਸ਼ੁਰੂ ਹੋ ਗਿਆ। ਰੋਗ ਇੰਨਾ ਵੱਧ ਗਿਆ ਕਿ ਦੋਸਤ, ਮਿੱਤਰ, ਸਾਕ-ਸੰਬੰਧੀਆਂ ਨੇ ਵੀ ਸਾਥ ਛੱਡ ਦਿੱਤਾ। ਘਰ ਵਿੱਚ ਕਲੇਸ਼ ਰਹਿਣ ਕਾਰਨ ਇਸ ਨੇ ਇੱਕ ਦਿਨ ਘਰ ਛੱਡ ਦਿੱਤਾ ਤੇ ਜੰਗਲ ਵਿੱਚ ਇੱਕ ਖੂਹ ਦੀ ਪੌਣ ਤੇ ਬੈਠ ਗਿਆ। ਜਿੱਥੇ ਇਹ ਬੈਠਾ, ਉਸ ਦੇ ਨਾਲ ਇੱਕ ਰਸਤਾ ਸੀ ਤੇ ਇਹ ਰਸਤਾ ਜਾਂਦਾ ਸੀ ਸ੍ਰੀ ਗੋਇੰਦਵਾਲ ਸਾਹਿਬ। ਇੱਕ ਦਿਨ ਕੁਝ ਸੰਗਤਾਂ ਤੀਜੇ ਪਾਤਸ਼ਾਹ ਜੀ ਦੇ ਦਰਸ਼ਨਾਂ ਵਾਸਤੇ ਇਸ ਰਸਤੇ ਰਾਹੀਂ ਜਾ ਰਹੀਆਂ ਸਨ ਤੇ ਨਾਲ-ਨਾਲ ਇਹ ਪੜ੍ਹ ਰਹੀਆਂ ਸਨ:

***ਸਾਹਿਬੁ ਨਿਤਾਣਿਆਂ ਦਾ ਤਾਣੁ।***
***ਨਿਮਾਣਿਆ ਦਾ ਮਾਣ ਸਾਹਿਬ।***

ਇਸ ਪਾਵਨ ਪੰਕਤੀ ਨੇ ਇਸ ਦੇ ਤੜਫਦੇ ਮਨ ਨੂੰ ਸ਼ਾਂਤ ਕੀਤਾ ਤੇ ਜਦੋਂ ਸੰਗਤ ਨੇੜੇ ਆਈ ਤੇ ਇਸ ਨੇ ਵੈਰਾਗ ਵਿੱਚ ਬੇਨਤੀ ਕੀਤੀ ਕਿ ਗੁਰੂ ਸਾਹਿਬ, ਕੀ ਮੇਰੇ ਵਰਗੇ ਨਿਤਾਣਿਆਂ ਦੇ ਤਾਣ ਹਨ। ਸੰਗਤਾਂ ਨੇ ਕਿਹਾ ਹੈ। ਇਸ ਪ੍ਰੇਮੇ ਨੇ ਫੁੱਟ-ਫੁੱਟ ਕੇ ਆਪਣਾ ਦਰਦ ਦੱਸਿਆ। ਸੰਗਤ ਨੇ ਤਰਸ ਕੀਤਾ ਤੇ ਇਸਨੂੰ ਚੁੱਕ ਕੇ ਸ੍ਰੀ ਗੋਇੰਦਵਾਲ ਸਾਹਿਬ ਪੁੱਜੇ ਤੇ ਦਰਬਾਰ ਦੇ ਬਾਹਰ ਬਿਠਾ ਦਿੱਤਾ। ਇਸ ਨੇ ਗੁਰੂ ਸਾਹਿਬ ਜੀ ਦੇ ਦੂਰੋਂ ਦਰਸ਼ਨ ਕੀਤੇ, ਧੂੜ ਮਸਤਕ ਨੂੰ ਲਾਈ ਤੇ ਮਸਤੀ ਵਿੱਚ ਇਹ ਗਾਵਣ ਲੱਗ ਪਿਆ :

***ਸੁਨ ਜਹਾਨਾ ਕਹੇ ਬਡੇਰ***
***ਮੇਰਾ ਗਇਆ ਕਛੋਟਾ ਲਧਾ ਫੇਰ।***

ਇਹ ਸਾਰਾ ਦਿਨ ਇਹੀ ਪੜ੍ਹਦਾ ਰਹਿੰਦਾ। ਸਿੱਖ ਸੁਣਕੇ ਤੇ ਪ੍ਰਸੰਨ ਹੁੰਦੇ। ਗੁਰੂ ਸਾਹਿਬ ਪਾਸ ਜਾ ਕੇ ਬੇਨਤੀ ਕਰਕੇ ਕਿ ਸਤਿਗੁਰੂ ਜੀ! ਇਸ ਗਰੀਬੜੇ ਦੁਖੀ ਤੇ ਕਿਰਪਾ ਕਰੋ। ਕਾਫੀ ਸਮਾਂ ਬੀਤ ਗਿਆ ਤੇ ਇੱਕ ਦਿਨ ਤੀਜੇ ਪਾਤਸ਼ਾਹ ਜੀ ਤੁੱਠੇ ਤੇ ਕਿਹਾ ਕਿ ਕੋਈ ਸਿੱਖ ਜਾਵੇ ਤੇ ਸਾਡੇ ਇਸ਼ਨਾਨ ਵਾਲੇ ਜਲ ਨਾਲ ਪ੍ਰੇਮੇ ਦਾ ਇਸ਼ਨਾਨ ਕਰਵਾ ਕੇ ਕਿਸੇ ਕੱਪੜੇ ਵਿੱਚ ਲਪੇਟ ਕੇ ਸਾਡੇ ਪਾਸ ਲਿਆਵੇ। ਸਤਿਗੁਰੂ ਜੀ ਦੇ ਹੁਕਮ ਨਾਲ ਇਸ ਤਰ੍ਹਾਂ ਹੀ ਕੀਤਾ ਗਿਆ। ਜਦੋਂ ਪ੍ਰੇਮੇ ਨੂੰ ਗੁਰੂ ਸਾਹਿਬ ਦੇ ਚਰਨਾਂ ਵਿੱਚ ਹਾਜ਼ਰ ਕੀਤਾ ਤੇ ਸਤਿਗੁਰੂ ਜੀ ਨੇ ਆਪਣੇ ਹੱਥੀਂ ਪ੍ਰੇਮੇ ਦਾ ਮੂੰਹ ਨੰਗਾ ਕੀਤਾ ਤੇ ਸਤਿਗੁਰੂ ਜੀ ਦੀ ਪਾਵਨ ਦ੍ਰਿਸ਼ਟੀ

ਨਾਲ ਇਹ ਨਵਾਂ ਨਿਰੋਆ ਹੋ ਗਿਆ। ਸਿੱਖਾਂ ਨੇ ਬੇਨਤੀ ਕੀਤੀ ਮਹਾਰਾਜ ਜੀ, ਇਹ ਤਾਂ ਲਾੜੇ ਵਰਗਾ ਲੱਗ ਰਿਹਾ ਹੈ ਤੇ ਗੁਰੂ ਸਾਹਿਬ ਜੀ ਨੇ ਬਚਨ ਕੀਤਾ, ਤੁਹਾਡਾ ਕਿਹਾ ਹੁਣੇ ਹੀ ਪੂਰਾ ਕਰ ਦਿੰਦੇ ਹਾਂ। ਸੰਗਤ ਨੂੰ ਕਿਹਾ ਕੋਈ ਹੈ ਐਸਾ ਜਿਹੜਾ ਹੁਣੇ ਆਪਣੀ ਪੁੱਤਰੀ ਦਾ ਨਾਤਾ ਦੇ ਦੇਵੇ। ਉਸ ਤੇ ਸਾਡੀ ਅਤਿਅੰਤ ਪ੍ਰਸੰਨਤਾ ਹੋਵੇਗੀ। ਭਾਈ ਸੀਂਹਾਂ ਖੱਤਰੀ ਜੀ ਉੱਠੇ ਤੇ ਬੇਨਤੀ ਕੀਤੀ ਕਿ ਮੇਰੀ ਲੜਕੀ ਦਾ ਸਾਕ ਹਾਜ਼ਰ ਹੈ। ਫਿਰ ਗੁਰੂ ਸਾਹਿਬ ਜੀ ਨੇ ਬੱਚੀ ਦਾ ਵਿਆਹ ਪ੍ਰੇਮੇ ਨਾਲ ਕੀਤਾ। ਜਦੋਂ ਸੀਂਹਾਂ ਖੱਤਰੀ ਦੀ ਘਰਵਾਲੀ ਨੇ ਥੋੜ੍ਹਾ ਇਤਰਾਜ਼ ਕੀਤਾ ਤੇ ਮਹਾਰਾਜ ਜੀ ਨੇ ਕਿਹਾ ਕਿ ਇਹ ਲੜਕਾ ਹੁਣ ਸਾਡਾ ਪੁੱਤਰ ਹੈ ਤੇ ਤੇਰੀ ਧੀ ਦਾ ਨਾਂ ਮੱਥੋ ਤੇ ਇਸ ਦਾ ਨਾਂ ਮੁਰਾਰੀ ਰੱਖਦੇ ਹਾਂ। ਇੰਨਾ ਕਹਿ ਕੇ ਸਤਿਗੁਰੂ ਜੀ ਨੇ ਇਸ ਨੂੰ ਸਿੱਖੀ ਦੇ ਪ੍ਰਚਾਰ ਲਈ ਮੰਜੀ ਵੀ ਬਖਸ਼ੀ ਤੇ ਬਚਨ ਕੀਤਾ ਕਿ ਮੱਥੋ ਮੁਰਾਰੀ ਦਾ ਨਾਮ ਅਮਰ ਹੋਵੇਗਾ।

❑❑❑

---

*ਪੰਨਾ 29 ਦਾ ਬਾਕੀ ਹਿੱਸਾ—*

ਹੋਵੇਗੀ, ਉਂਗਲ ਮੇਰੇ ਚੋਲੇ ਨੂੰ ਹੋਵੇਗੀ। ਗੁਰੂ ਨਾਨਕ ਦੇ ਨਾਂ ਤੋਂ ਥਾਂ-ਥਾਂ ਮੰਗਦਾ ਹੈਂ। ਮਰਦਾਨਿਆ, ਤੂੰ ਹੁਣ ਹਰੀ ਦਾ ਡੂਮ ਹੈਂ। ਦਾਸ ਅੱਗੇ ਪੜ੍ਹ ਕੇ ਹੈਰਾਨ ਹੋ ਗਿਆ। ਭਾਈ ਮਰਦਾਨਾ ਜੀ ਕਹਿੰਦੇ, ਰੋਟੀ ਪਾਣੀ ਤਾਂ ਚਾਹੀਦਾ ਹੈ। ਜੇ ਤੁਸੀਂ ਭੇਜ ਦੇਵੋਗੇ ਤਾਂ ਠੀਕ ਹੈ। ਨਹੀਂ ਤਾਂ ਮੰਗਣਾ ਹੀ ਪੈਣਾ ਹੈ। ਅੱਗੋਂ ਜਿਹੜਾ ਜਵਾਬ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਿੱਤਾ, ਉਹ ਸੰਭਾਲਣ ਵਾਲਾ ਹੈ। ਕਹਿਣ ਲੱਗੇ, ਮਰਦਾਨਿਆ, ਨੀਅਤ ਸਾਫ ਰੱਖੋ, ਹਰੀ ਦੇ ਗੁਣ ਗਾਓ, ਨੇਮੀ ਬਣੋ, ਸਭ ਦਾ ਭਲਾ ਮੰਗੋ। ਮਹਾਰਾਜ ਜੀ ਕਹਿੰਦੇ, ਜੀਵ ਨੂੰ ਧਰਤੀ ਤੇ ਅਕਾਲ ਪੁਰਖ ਨੇ ਬਾਅਦ ਵਿੱਚ ਭੇਜਿਆ ਹੈ। ਰਿਜ਼ਕ ਉਸ ਦਾ ਪਹਿਲਾਂ ਲਿਖਿਆ ਹੈ। ਇਹ ਪੰਕਤੀਆਂ ਬੋਲ ਕੇ ਸਮਾਪਤੀ ਕਰਾਂਗਾ। ਇੱਥੋਂ ਕੁਝ ਲੈ ਕੇ ਜਾਣਾ।

***ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥***

----------------

***ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ॥***
***ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ॥***
***ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ॥੧॥***

*(ਅੰਗ ੯੫੫)*

ਮਰਦਾਨਾ ਜੀ ਨੂੰ ਬਾਬਾ ਜੀ ਨੇ ਕਿਹਾ ਕਿ ਮਰਦਾਨਿਆ, ਤੂੰ ਰੋਟੀ ਦੀ ਚਿੰਤਾ ਕਰਦਾ ਹੈਂ। ਰੱਬ ਜੀਵ ਨੂੰ ਧਰਤੀ ਤੇ ਬਾਅਦ ਵਿੱਚ ਭੇਜਦਾ ਹੈ। ਰਿਜ਼ਕ ਪਹਿਲਾਂ ਲਿਖ ਦਿੰਦਾ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀਆਂ ਪੰਕਤੀਆਂ ਹਨ:

***ਦੇਹ ਬਣੀ ਪਸਚਾਤ ਹੈ ਪੂਰਬ ਬਣਿਆ ਆਹਾਰ।***

ਪਸਚਾਤ ਕਹਿੰਦੇ ਹਨ ਪਿੱਛੋਂ। ਪੂਰਬ ਕਹਿੰਦੇ ਹਨ ਪਹਿਲੋਂ। ਕਹਿੰਦੇ ਦੇਹ ਬਾਅਦ ਵਿੱਚ ਬਣੀ ਹੈ, ਪਹਿਲਾਂ ਆਹਾਰ ਬਣਿਆ ਹੈ। ਕਿੰਨੀ ਵੱਡੀ ਸਿੱਖਿਆ, ਬਾਬਾ ਜੀ ਦੀ। ਸਮਰਪਣ ਕਰ ਦੇ। ਇਹ ਦਰਗਾਹ ਦੀਆਂ ਸੋਝੀਆਂ, ਨਾਲ ਰਬਾਬ ਦੀ ਦਾਤ, ਹਰੀ ਦੇ ਗੁਣ ਗਾਉਣ ਵਾਲੀ, ਨਾਲ ਚੋਲਾ ਤੇ ਸਾਰਾ ਪਰਿਵਾਰ ਰਾਇ ਭੋਇ ਦੀ ਤਲਵੰਡੀ ਸਗਾਈ ਲਗਾ ਕੇ ਵਾਪਸ ਜਾ ਰਹੇ ਹਨ। ਪੜ੍ਹੋ ਜੀ ਪਿਆਰ ਨਾਲ ਫਿਰ ਸਮਾਪਤੀ ਹੈ:

***ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ॥***

*(ਅੰਗ ੧੫੬)*

❑❑❑

*(ਅੰਗ ੯੫੫)*

42 ਲੱਖ ਜੂਨ। ਇੱਕ ਇੱਕ ਜੂਨ ਵਿੱਚ ਲੱਖਾਂ ਜੀਵ। ਕੀ ਰੋਟੀ ਨਹੀਂ ਦੇ ਰਿਹਾ?

# वह कौन–सा दरवाजा है जिस दरवाजे में से निकलने से धन्य श्री गुरु रामदास जी मित्र बन जाते हैं?

परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

–जसविन्द्र सिंघ (पटियाला)

*पउड़ी॥*
*तिसु गुर कउ हउ वारिआ*
*जिनि हरि की हरि कथा सुणाई॥*
*तिसु गुर कउ सद बलिहारणै*
*जिनि हरि सेवा बणत बणाई॥*
*सो सतिगुरु पिआरा मेरै नालि है*
*जिथै किथै मैनो लए छडाई॥*
*तिसु गुर कउ साबासि है*
*जिनि हरि सोझी पाई॥*
*नानकु गुर विटहु वारिआ*
*जिनि हरि नामु दीआ*
*मेरे मन की आस पुराई॥५॥*

*(अंग ५८७)*

धन्य श्री गुरु रामदास जी के प्यार–सत्कार में सारी संगत कहो सतिनाम श्री वाहिगुरु जी।

आप सभी चाहते होंगे कि धन्य श्री गुरु रामदास जी महाराज की मुझ पर कृपा हो जाए। आप सभी चाहते हो मेरे घर जिस औलाद ने भी आना है पुत्र, पुत्री, पोत्रे, पोत्री आने हैं, बख्शी हुई रुहें आएं। लगभग सभी चाहते होंगे धन्य श्री गुरु रामदास जी महाराज मेरे मित्र बन जाएं। लगभग सभी चाहते होंगे धन्य श्री गुरु रामदास जी महाराज मेरे साईं बन जाएं, मेरे पिता बन जाएं। हम सभी चाहते हैं धन्य श्री गुरु रामदास जी मुझे गले लगाएं, धन्य श्री गुरु रामदास जी महाराज सच्चे पातशाह जी का मुझे प्यार मिल जाए। सभी चाहते होंगे धन्य श्री गुरु रामदास जी महाराज मुझे अपना बना लें। पिछले हफते कीर्तन में दो सूझें व्यक्त हुई थीं अरदास करनी चाहिए अथवा नहीं, महाराज जी ने बताया है गुरु घर की सेवा के प्रति दृष्टि ऊँची हो। आज तीसरी सूझ कि धन्य श्री गुरु रामदास जी मेरे मित्र बन जाएं, मुझ पर कृपा हो जाए, मेरे सांईं बन जाएं, मुझे उनका प्यार मिल जाए, मुझे वह अपना बना लें। एक सूझ दी है महाराज जी ने, एक दरवाजा है यदि उस में से गुजर जाए, तो सुना है, यह सारा ही प्राप्त हो सकता है। कृपा भी हो जाएगी, प्यार भी मिल जाएगा, धन्य श्री गुरु रामदास जी कहते हैं मैं तुम्हें अपना बना

लूंगा। एक मैंने द्वार रखा है, उसमें से निकल कर आ जाओ। वह द्वार कौन–सा है? धन्य श्री गुरु रामदास जी के जीवन में से वह सूझ मिलती है, भाई आदम जी की साखी में से। आज वह द्वार पकड़ो। महाराज जी कहते मुझे ढूँढने की जरुरत नहीं। मैं तुम्हें स्वयं ही मिल जाऊंगा। स्वयं ही प्यार दे दूंगा। बस इस द्वार में से निकल कर आ जाओ। वह द्वार कौन–सा है? भाई आदम जी उस द्वार में से गुजर कर गए। बाहर से संगत आई थी। पोष के दिन चल रहे थे ठंउ बहुत पड़ रही थी। भाई आदम जी मालवा के रहने वाले थे। बड़ी सर्दी थी। आया था बच्चे की, औलाद की इच्छा लेकर। महाराज जी को संदेश पहुँचा। लंगर की लकड़ी गीली हो गई है। बाहर से संगत बहुत आई है, सच्चे पातशाह! ठण्ड बहुत है। कमरों का ज्यादा इंतजाम नहीं था। बच्चे भी हैं, बुजुर्ग भी हैं। लंगर की लकड़ी भी गीली है। यह कोन–सा दरवाजा था जिस में से भाई आदम जी निकल गए। यह सुल्तानविंड, घी मण्डी, चाटीविण्ड जंगल होते थे। यह गुमटाला गांव में सारे जंगल होते थे। लकड़ी चुनना एक गठरी लकड़ी की अपने घर फैंकनी और एक लकड़ी की गठरी गुरु के लंगर में रोज। मन में एक बार



*धन्य धन्य श्री गुरु रामदास जी*

मोह आया कि अगर घर की लकड़ी मैं यहाँ ले आऊँ, संगत बहुत आई है और यदि हर स्थान थोड़ी–थोड़ी लकड़ी जला दी तो मेरा क्या बनेगा। मैं भी घर में भोजन बनाता हूँ। पर वह उस दरवाजे से निकल गए। घर में जितनी लकड़ी पड़ी थी सारी लाकर तीन–चार जगह जला दी और जो संगत की रात चिंता में बीतनी थी, वह रात कीर्तन करते हुए बीत रही है।

***आए संत प्राहुणे कीरतनु होआ रैणि सभाई।***

*(वार १०, पउड़ी १६)*

एक व्यक्ति दुखी होता है, जो बाहर से आए और उसको कमरा न मिले। माथा बाद में टेकता है पर पहले सोचता है कि मैं पहले सामान रख लूं, रिहायश ले लूं। कमरा भी न मिले तो व्यक्ति को चिंता होती है। पर कोई प्रबंध है। कहाँ वहाँ रात चिंता में बीतनी है और कहाँ संगत आग सेक रही है और साथ ही कीर्तन हो रहा है।

ढोलकी छैनों से कीर्तन हो रहा है। सच्चे पातशाह जी की बाणी का गायन हो रहा है। अब कोई आग जलाई हो, दो घण्टे बाद, धीमी भी होनी है। जब वह मध्यम हुई, भाई आदम जी सोचते हैं कि क्या करूँ और 15 मिनट बाद आग

ने खत्म हो जाना है। व्यक्ति आंच के पास बैठा हो और आंच खत्म हो जाए तो ठण्ड ज्यादा लगती है। भाई आदम जी ने घर जो लकड़ी पड़ी थी, वह भी लाकर तीन–चार जगह पर जला दी और अब लकड़ी बिलकुल खत्म हो गई। जो तीन–चार घण्टे रहते हैं, वह संगत की रात सुखपूर्वक बीत जाए। घण्टे डेढ घण्टे बाद वह भी लकड़ी जल गई। सोचते हैं क्या करूँ। अभी तो दो घण्टे रात रहती है। क्या बनेगा? यह एक द्वार है जो लांघ गए। लकड़ी है नहीं, लंगर की लकड़ी आधी गीली है। संगत के दो घण्टे रात के रहते हैं। तीसरी बार सोचते हैं कि क्या करूँ? फिर क्या किया अपने घर का द्वार, चौगाठ सारी उखाड़ दी, यह तो फिर लग जाएगी पर मेरे गुरु की संगत को ठण्ड न लग जाए। दो बजे सतिगुरु जी उधर से निकले और क्या देखते हैं कि संगत कीर्तन कर रही है। सतिगुरु जी कहते, मुझे संदेश आया था कि लकड़ी गीली हो गई है। सुबह पूछेंगे, यह लकड़ी कहाँ से आ गई। जब सुबह पूछा तो सिक्खों ने बताया सतिगुरु जी एक भाई आदम मालवे से आया है। यह लकड़ी वह लेकर आया है। साधारण बात है, लकड़ी आ गई। जब संगत ने बताया कि दूसरी बार भी अपने घर से लकड़ी लाया है। तीसरी बार उसके घर की भी लकड़ी खत्म हो गई पर रात के दो पहर अभी बाकी थे। हे मेरे मालिक जी! तीसरी बार उसने अपने घर की चौगाठें, द्वार और खिड़कियाँ भी उखाड़ दीं तांकि संगत को ठण्ड न लग जाए। वह कौन–सा द्वार है। बाबा नंद सिंघ जी उस द्वार को कहते थे संगत की खुशी ले लो, गुरु साहिब स्वयं खुश हो जाएँगे।

दास तो कहता है, पैर के अंगूठे से लेकर सिर की चोटी तक यदि घर धन दिया है, या घर दिया है या गाड़ियाँ है या कोई गुण दिया है, आज प्रण कर लो, यह सब कुछ गुरु की संगत के लेखे लग जाए।

ऐसा द्वार है, यह दोनों हाथ सतिगुरु जी बार–बार खोलते हैं और बंद करते हैं और क्या कहते हैं, जल्दी बुलाओ उस व्यक्ति को जिसने अपने घर की खिड़कियाँ, चौगाठें भी उखाड़ कर जला दीं और धन्य श्री गुरु नानक देव जी महाराज की संगत को ठण्ड नहीं लगने दी। यह कैसा द्वार है। भाई आदम जी आ गए। गरीब निवाज जी! आप जी ने बुलाया है। मेरे सतिगुरु जी कभी हाथ खोलते हैं, कभी बंद करते हैं। बड़े प्यार से कहते, भाई आदम जी, आपने धन्य श्री गुरु नानक देव जी महाराज को खुश किया है। धन्य श्री गुरु नानक देव जी महाराज की संगत को ठण्ड नहीं लगने दी। हम तेरे प्यार में खिंच गए हैं। मांग क्या मांगता है। यह वह द्वार है, जिस द्वार में से सिक्ख निकल जाए और गुरु साहिब से मांगना नहीं पड़ता। गुरु साहिब कहते हैं बताओ क्या चाहिए? जिस द्वार में से कोई निकल जाए तो धन्य श्री गुरु रामदास जी पिता बन जाते हैं, धन्य श्री गुरु रामदास जी मित्र बन जाते हैं, धन्य श्री गुरु रामदास जी साथी बन जाते हैं, धन्य श्री गुरु रामदास जी सांईं बन जाते हैं। यह वह द्वार है। एक पंक्ति सभी पढ़ो :

***साधसंगि मलु लाथी।। पारब्रहमु भइओ साथी।।***

*(अंग ६२५)*

सतिगुरु जी कहते हैं, संगत की कृपा से मैल दूर हो जाती है और परमेश्वर तेरा साथी

बन जाता है। यह ऐसा द्वार है, इस में से निकल आओ, मेरी कृपा स्वयं मिल जाएगी। बाबा नंद सिंघ जी के समय बाबा जी का रागी हुआ है, संता सिंघ। उनको फुलवहरी का रोग हो गया था। पाँच डाक्टर बदले। कोई दवा नहीं थी लगती। जगराओं का भी, लुधियाना का भी। जब बड़ा ही वैराग्य किया, दो महीने दवाई लेते हो गए हैं। बाबा जी कहते, बड़े डाक्टर के पास चले जाओ। कहता है, बड़ा डाक्टर कौन–सा है? अमृतसर चले जाओ धन्य श्री गुरु रामदास जी के पास। अब धन्य श्री गुरु रामदास जी के दर घर और बाबा जी ने यह नहीं कहा, कुछ और करना। कहते चालीस दिन गले में टिण्ड डालकर परिक्रमा में से विष्ठा उठानी हैं। कोई और चीज गिरी हो, उठानी है। एक दो तौलिए साथ रखना। कहीं पानी गिरा हो तो साफ करना है। धन्य श्री गुरु रामदास जी की संगत को गुजरने में मुश्किल न आए। यह द्वार पार करना है। यह दरवाजा है, ध्यान देना। रागी संता सिंघ को बाबा नंद सिंघ जी ने धन्य श्री गुरु रामदास जी के दर पर भेजा कि चालीस दिन यह सेवा करो, जिस सेवा से संगत को सुविधा मिल जाए।

धन्य श्री गुरु रामदास जी के पास एक तपा आया था और उस तपे ने कहा, मैंने आप से विचार करनी है। धन्य श्री गुरु रामदास जी ने कहा, बताओ तपा जी। वह कहने लगा कि आप तीर्थ एवं स्नान को या अन्य कई बातों को महत्व नहीं देते। पर उसके बिना मुक्ति नहीं। अनेक तीर्थों पर स्नान के बिना मुक्ति नहीं। यह तपा कहता है, आपके सिक्ख यह बातें नहीं मानते। धन्य श्री गुरु रामदास जी ने कहा, हमारे सिक्ख वाहिगुरु के सिमरन से जुड़ते हैं, तीर्थों पर स्नान से अहंकार आ जाता है। और हमारे सिक्खों को उपदेश है, संगत को पंखा करना, उनके जोड़े झाड़ने और सारी जिंदगी नम्रता में बीते। धन्य श्री गुरु रामदास जी ने कहा, तपा जी, आप तीर्थों पर जाते हो। हमारे सिक्ख नम्रतापूर्वक संगत की सेवा करते हैं। शब्द की कमाई करते हैं। जो हमारे सिक्ख निपुण हो जाते हैं और फिर यह तीर्थ उनके चरणों में आते हैं। सतिगुरु जी ने इतनी महानता दी है। यह इतिहास में लिखा है कि जब उस समय तपे से विचार हुई, सतिगुरु जी ने यह शब्द उच्चारण किया जिसमें आपको संगत की खुशबू आएगी। यह धन्य श्री गुरु रामदास जी का शब्द है:

***गंगा जमुना गोदावरी सरसुती ते***
***करहि उदमु धूरि साधू की ताई॥***

*(अंग १२६३)*

ये तीर्थ आते हैं जहाँ संगत होती है।

***किलविख मैलु भरे परे हमरै विचि हमरी***
***मैलु साधू की धूरि गवाई॥१॥***

*(अंग १२६३)*

संगत की खुशी। पिता जी बैठे थे, धन्य श्री गुरु गोबिंद सिंघ जी और बहादर शाह सामने आया। मालिक को तो तीन भवनों की सूझ है। यह बताया है पहले कहाँ थे:

***हेमकुंट परबत है जहाँ।***

